# 2
# ਜੀਣ ਲਈ ਇਕ ਜ਼ਿੰਦਗੀ
# (1 ਤਿਮੋਥਿਉਸ 2)

''ਸਾਡੇ ਮੁਕਤੀ ਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ'' (1 ਤਿਮੋਥਿਉਸ 2:3)।

ਬਚਾਉਣ ਵਾਲੀ ਆਪਣੀ ਵੱਡੀ ਸਮਰੱਥਾ ਨਾਲ ਖ਼ੁਦਾ ਦਾ ਵਚਨ ਆਦਮੀਆਂ ਅਤੇ ਔਰਤਾਂ ਦੋਹਾਂ ਦੀ ਇਕ ਵੱਖਰੀ ਜੀਵਨ ਸ਼ੈਲੀ ਦੀ ਮੰਗ ਕਰਦਾ ਹੈ। ਜੇ ਖ਼ੁਦਾ ਨੇ ਪਾਪੀਆਂ ਵਿੱਚੋਂ ਸਭ ਤੋਂ ਵੱਡੇ ਨੂੰ ਬਚਾਉਣ ਦੀ ਇੱਛਾ ਕੀਤੀ ਅਤੇ ਉਸ ਨੂੰ ਆਪਣੀ ਸੇਵਾ ਲਈ ਠਹਿਰਾਇਆ ਸੀ (1:12-16), ਤਾਂ ਕੁਦਰਤੀ ਹੈ ਕਿ ਉਹ ਸਭ ਲੋਕਾਂ ਨੂੰ ਬਚਾਉਣਾ ਚਾਹੁੰਦਾ ਹੈ (2 ਪਤਰਸ 3:9)। ਖ਼ੁਦਾ ਦੀ ਵੱਡੀ ਅਤੇ ਵਿਸ਼ਾਲ ਯੋਜਨਾ ਦੁਆ ਕਰਨ ਲਈ ਆਖਦੀ ਹੈ (2:1, 2)।[1] ਇਕ ਵਿਚੋਲਾ ਅਤੇ ਉਪਦੇਸ਼ ਮੁਹੱਈਆਂ ਕਰਵਾਉਂਦੀ ਹੈ (2:3-7) ਅਤੇ ਆਦਮੀ ਹੋਣ ਜਾਂ ਔਰਤਾਂ ਉਨ੍ਹਾਂ ਨੂੰ ਚੁਣੌਤੀ ਭਰੀ ਜੀਵਨ ਸ਼ੈਲੀ (2:8-15)।

## ਪਾਠ 4: ਖ਼ੁਦਾ ਦੀ ਅਹਿਮੀਅਤ (2:1, 2)

### ਜ਼ਿੰਦਗੀ ਦੇ ਹਰ ਖੇਤਰ ਲਈ ਇਕ ਦੁਆ (ਆਇਤ 1)

ਹਰ ਕਿਸੇ ਕੋਲ ਜਾਣ ਦੀ ਮਸੀਹ ਦੀ ਆਗਿਆ (ਮਰਕੁਸ 16:15, 16) ਐਨੀ ਵੱਡੀ ਹੈ ਕਿ ਨਾਸ਼ਵਾਨ ਦਿਮਾਗ਼ ਦੀ ਸਮਝ ਤੋਂ ਬਾਹਰ ਹੈ। ਇਸ ਨੂੰ ਸਮਝਣ ਲਈ ਸਾਨੂੰ ਖ਼ੁਦਾ ਦੀ ਮਦਦ ਦੀ ਲੋੜ ਹੈ। ਇਸੇ ਕਰਕੇ ਪੌਲੁਸ ਨੇ ਤਿਮੋਥਿਉਸ ਨੂੰ ਜਾਂ ਸਾਨੂੰ ''ਸਭ ਤੋਂ ਪਹਿਲਾਂ'' ਦੁਆ ਕਰਨ ਦੀ ਸਲਾਹ ਦਿੱਤੀ।

ਸਭ ਲੋਕਾਂ ਤਕ ਜਾਣ ਲਈ ਦੁਆ ਦੀ ਸਭ ਤੋਂ ਵੱਡੀ ਲੋੜ ਹੈ। ਦੁਆ ਵਿਚ ਕਈ ਗੱਲਾਂ ਹਨ ਜਿਸ ਵਿਚ ''ਬੇਨਤੀ'' ਹੁੰਦੀ ਹੈ।[2] ਇਸ ਉਲਝਣ ਵਿਚ ਲੱਗਣ ਤੇ ਕਿ ਕਿੱਥੇ ਜਾਈਏ, ਸਾਨੂੰ ਖ਼ੁਦਾਈ ਮਦਦ ਦੀ ਆਪਣੀ ਲੋੜ ਨੂੰ ਸਮਝਣਾ ਚਾਹੀਦਾ ਹੈ (ਵੇਖੋ 2 ਕੁਰਿੰਥੀਆਂ 3:4, 5; ਮੱਤੀ 7:7, 8)। ਇਸ ਕਰਕੇ ਅਸੀਂ ''ਦੁਆਵਾਂ''ਕਰਦੇ ਹਾਂ।[3] ਸਾਡੀਆਂ ਫ਼ਰਿਆਦਾਂ ਖ਼ੁਦਾ ਨਾਲ ਸਾਡੀ ਗੱਲਬਾਤ ਕਰਨ ਕਰਕੇ ਹੀ ਹੁੰਦੀਆਂ ਹਨ। ਬੁਨਿਆਦੀ ਤੌਰ ਤੇ ਦੁਆ ਇਸੇ ਨੂੰ ਆਖਦੇ ਹਨ। ਖ਼ੁਦਾ ਨਾਲ ਗੱਲ ਕਰਦਿਆਂ ''ਅਰਜੋਈਆਂ'' ਵੀ ਕੀਤੀਆਂ ਜਾ ਸਕਦੀਆਂ ਹਨ।[4] ਦੁਆ ਵਿਚ ਸੱਚਮੁੱਚ ਦੀ ਲੋੜ (ਦਿਲੀ ਦੁਆ) ਅਤੇ ਸਹਿਯੋਗ (ਖ਼ੁਦਾ ਦੀ ਮਰਜ਼ੀ ਪੂਰੀ ਕਰਨ ਵਾਲਾ ਮਨ; ਵੇਖੋ ਮੱਤੀ 26:39, 42; ਯੂਹੰਨਾ 5:30; 6:38) ਦਾ ਪਤਾ ਲਗਦਾ ਹੈ। ਖ਼ੁਦਾ ਨਾਲ ਕੰਮ ਕਰਨਾ ਅਤੇ ਉਸ ਦੀ ਮਦਦ ਲਈ ਉਸ ਨੂੰ ਪੁਕਾਰਣਾ ਸਾਡੀ ਖੁਸ਼ਕਿਸਮਤੀ ਹੈ!

ਤੁਸੀਂ ਇਕ ਰਾਜੇ ਕੋਲ ਆ ਰਹੇ ਹੋ।
ਵੱਡੀਆਂ ਵੱਡੀਆਂ ਬੇਨਤੀਆਂ ਲੈ ਕੇ ਆਓ;
ਕਿਉਂਕਿ ਉਸ ਦੀ ਕਿਰਪਾ ਅਤੇ ਸਮਰੱਥਾ ਅਜਿਹੇ ਹੀ ਹਨ,
ਭਾਵੇਂ ਜਿਨਾਂ ਵੀ ਮੰਗ ਲਓ ਉਸ ਨੂੰ ਕੋਈ ਘਾਟ ਨਹੀਂ ਹੈ।[5]

ਦੁਆ ਨਾਲ ਇਹ ਵੱਡੀਆਂ ਵੱਡੀਆਂ ਸੰਭਾਵਨਾਵਾਂ ਸਾਡੀਆਂ ਦੁਆਵਾਂ ਵਿਚ ''ਸ਼ੁਕਰਗੁਜ਼ਾਰੀ'' ਕਰਨ ਨੂੰ ਇਕ ਸੁਭਾਵਕ ਲੋੜ ਬਣਾ ਦਿੰਦੀਆਂ ਹਨ।[6] ਖ਼ੁਦਾ ਨਾਲ ਕੰਮ ਕਰਨ ਦੇ ਮੌਕੇ ਤੇ ਵਿਚਾਰ ਕਰਦਿਆਂ, ਪੌਲੁਸ ਦਾ ਹੁਕਮ ਕਿੰਨਾਂ ਢੁਕਵਾਂ ਹੈ। ''*ਸਭਨਾਂ* ਗੱਲਾਂ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਅਰਥਾਤ ਪਿਤਾ ਦਾ ਧੰਨਵਾਦ'' ਕਰਦੇ ਰਹੀਏ (ਅਫ਼ਸੀਆਂ 5:20)।

## ਸਭ ਲੋਕਾਂ ਲਈ ਦੁਆ (ਆਇਤਾਂ 1, 2)

ਭਾਵੇਂ ਕਿਤੇ ਵੀ ਚਲੇ ਜਾਈਏ, ਸਾਨੂੰ ਕਦੇ ਅਜਿਹਾ ਸ਼ਖ਼ਸ ਨਹੀਂ ਮਿਲੇਗਾ ਜਿਹਨੂੰ ਦੁਆ ਦੀ ਲੋੜ ਨਾ ਹੋਵੇ। ਦੁਆ ''ਸਭ ਲੋਕਾਂ'' ਦੀ ਲੋੜ ਹੈ।

''ਬਾਦਸ਼ਾਹ ਅਤੇ ਸਭਨਾਂ ਮਰਾਤਬੇ ਵਾਲਿਆਂ ਦੇ ਲਈ'' (2:2) ਦੁਆ ਕਰਦਿਆਂ, ਸਾਨੂੰ ਉਨ੍ਹਾਂ ਲੋਕਾਂ ਨੂੰ ਖਾਸ ਤੌਰ ਤੇ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਹੜੇ ਸਾਡੇ ਉੱਤੇ ਹਕੂਮਤ ਕਰਦੇ ਹਨ। ਮਸੀਹੀ ਲੋਕ ਭਾਵੇਂ ਕਿਤੇ ਵੀ ਰਹਿੰਦੇ ਹੋਣ ਜਾਂ ਕਿਸੇ ਵੀ ਹਕੂਮਤ ਦੇ ਅਧੀਨ ਹੋਣ ਉਹ ਇਸ ਸਿੱਖਿਆ ਨੂੰ ਖੁਸ਼ੀ ਨਾਲ ਕਬੂਲ ਕਰ ਸਕਦੇ ਹਨ। ਵਿਲੀਅਮ ਬਾਰਕਲੇ ਨੇ ਲਿਖਿਆ ਹੈ:

> ਅਜਿਹਾ ਉਹ ਦੁਆ ਦੀਆਂ ਵਿਸ਼ਾਲ ਸੰਭਾਵਨਾਵਾਂ ਤੋਂ ਮਿਲਣ ਵਾਲੀ ਹਮਾਇਤ ਦੇ ਕਾਰਣ ਕਰ ਸਕਦੇ ਹਨ। ਜੇ ਹਾਕਮ ਦੁਸ਼ਟ ਹੈ, ਤਾਂ ਉਸ ਦੀ ਮੁਕਤੀ ਲਈ ਦੁਆ ਕਰੋ। ਜੇ ਵਹਿਸ਼ੀ ਹੈ ਤਾਂ ਉਹਦੇ ਲਈ ਸਮਝ ਮੰਗੋ। ਜੇ ਉਹ ਵਿਭਚਾਰੀ ਹੈ ਤਾਂ ਉਹਦੇ ਸ਼ੁੱਧ ਮਨ ਲਈ ਦੁਆ ਕਰੋ। ਜੇ ਉਹ ਬੀਮਾਰ ਹੈ ਤਾਂ ਉਹਦੀ ਤੰਦਰੁਸਤੀ ਲਈ ਦੁਆ ਕਰੋ। ਜੇ ਉਹ ਦਬਾਅ ਅਧੀਨ ਹੈ, ਤਾਂ ਦੁਆ ਕਰੋ ਕਿ ਉਸ ਵਿਚ ਸਹਿਣਸ਼ੀਲਤਾ ਅਤੇ ਆਪਣੇ ਆਪ ਨੂੰ ਵੱਸ ਵਿਚ ਰੱਖਣਾ ਆ ਜਾਵੇ। ਜੇ ਉਹ ਭਲਾ ਹੈ, ਤਾਂ ਦੁਆ ਕਰੋ ਕਿ ਉਹ ਭਲਾ ਬਣਿਆ ਰਹੇ! ਟਰਟੂੱਲੀਅਨ ਨੇ ਲਿਖਿਆ: ''ਮਸੀਹੀ ਵਿਅਕਤੀ ਕਿਸੇ ਦਾ ਦੁਸ਼ਮਣ ਨਹੀਂ ਹੁੰਦਾ, ਦੁਸ਼ਟ ਤੋਂ ਦੁਸ਼ਟ ਹਾਕਮ ਦਾ ਵੀ ਨਹੀਂ, ਕਿਉਂਕਿ ਸਾਨੂੰ ਪਤਾ ਹੈ ਕਿ ਉਸ ਨੂੰ ਖ਼ੁਦਾ ਵੱਲੋਂ ਹੀ ਠਹਿਰਾਇਆ ਗਿਆ ਹੈ, ਇਸ ਕਰਕੇ ਜ਼ਰੂਰੀ ਹੈ ਕਿ ਹੋਰਨਾਂ ਸਭ ਗੱਲਾਂ ਨਾਲ ਅਸੀਂ ਉਸ ਨਾਲ ਪਿਆਰ ਕਰੀਏ, ਉਸ ਦਾ ਭੈਅ ਮੰਨੀਏ, ਉਸ ਨੂੰ ਆਦਰ ਦਈਏ ਅਤੇ ਉਸ ਦੀ ਪੂਰੀ ... ਹਕੂਮਤ ਦੇ ਨਾਲ-ਨਾਲ ਉਸ ਦੀ ਆਪਣੀ ਸੁਰੱਖਿਆ ਦੀ ਕਾਮਨਾ ਕਰੀਏ।''[7]

## ਫ਼ਸਾਦ ਰਹਿਤ, ਝਗੜਾ ਰਹਿਤ ਮਾਹੌਲ ਲਈ ਦੁਆ (ਆਇਤ 2)

ਅਸੀਂ ''ਚੈਨ''[8] ਅਤੇ ''ਸੁੱਖ''[9] ਭਰੀ ਜ਼ਿੰਦਗੀ ਲਈ ਦੁਆ ਕਰਦੇ ਹਾਂ। ''ਚੈਨ'' ਬਿਨਾਂ ਕਿਸੇ ਫ਼ਸਾਦ ਜਾਂ ਹੰਗਾਮੇ ਰਹਿਤ ਥਾਂ ਨੂੰ ਆਖਿਆ ਗਿਆ ਹੈ। ''ਸੁੱਖ'' ਖ਼ਾਸ ਤੌਰ ਤੇ ਲੋਕਾਂ

ਦੀਆਂ ਪ੍ਰਤੀਕ੍ਰਿਆਵਾਂ ਅਤੇ ਝਗੜੇ ਤੋਂ ਮੁਕਤੀ ਨੂੰ ਕਿਹਾ ਗਿਆ ਹੈ। ਲੋਕਾਂ ਅਤੇ ਹਾਲਾਤ ਦੇ ਕਾਰਣ ਖ਼ੁਦਾ ਉਸ ਭਲੇ ਮਕਸਦ ਵਿਚ ਜਿਹੜਾ ਤਿੰਨ ਤੋਂ ਪੰਜ ਆਇਤਾਂ ਵਿਚ ਪੌਲੁਸ ਨੇ ਦੱਸਿਆ ਸੀ ਕਿ ਸਭ ਲੋਕ ਬਚਾਏ ਜਾਣ ਅਤੇ ਸੱਚਾਈ ਦੇ ਗਿਆਨ ਤਕ ਅੱਪੜਣ, ਰੁਕਾਵਟ ਪੈ ਸਕਦੀ ਹੈ।

ਸੁਖਾਵਾਂ ਮਹੌਲ ''ਪੂਰੀ ਭਗਤੀ'' (ਖ਼ੁਦਾ ਵੱਲ ਖਿੱਚੇ ਜਾਣਾ) ਅਤੇ ਗੰਭੀਰਤਾਈ[10] (ਇਕ ਦੂਜੇ ਦੇ ਨੇੜੇ ਆਉਣ) ਲਈ ਜ਼ਰੂਰੀ ਹੈ। ''ਗੰਭੀਰ'' ਆਦਮੀ ''ਸੰਸਾਰ ਵਿੱਚੋਂ ਦੀ ਇਵੇਂ ਨਿੱਕਲਦਾ ਹੈ ... ਜਿਵੇਂ ਸੰਸਾਰ ਜ਼ਿੰਦਾ ਖ਼ੁਦਾ ਦੀ ਹੈਕਲ ਹੋਵੇ। ਉਹ ਕਦੇ ਵੀ ਖ਼ੁਦਾ ਦੀ ਪਵਿੱਤਰਤਾ ਜਾਂ ਮਨੁੱਖ ਦੀ ਸ਼ਾਨ ਦੀ ਸ਼ਾਨ ਦੀ ਗੱਲ ਨਹੀਂ ਭੁੱਲਦਾ। ਅਜਿਹੇ ਆਦਮੀ ਦਾ ਰਵੱਈਆ ਖ਼ੁਦਾ ਅਤੇ ਮਨੁੱਖ ਪ੍ਰਤੀ ਸਹੀ ਹੈ।''[11]

ਕਿੰਨਾਂ ਚੰਗਾ ਹੋਵੇਗਾ ਜੇ ਤੁਸੀਂ ਸੁਣਨ ਵਾਲਿਆਂ ਨੂੰ ਅਜਿਹੇ ਹਾਲਾਤ ਲਈ ਦੁਆ ਕਰਨ ਲਈ ਕਹੋ ਜਦ ਕਿ ਹਿੰਸਾ, ਅੱਤਵਾਦ, ਧਮਕੀਆਂ, ਲੁੱਟ ਖਸੁੱਟ, ਪੱਤ ਲੁੱਟਣਾ, ਗਰਭਪਾਤ, ਹਰ ਤਰ੍ਹਾਂ ਦੀਆਂ ਜਿਸਮਾਨੀ ਬੁਰਾਈਆਂ ਅਤੇ ਘਰੇਲੂ ਜੰਗ ਸਾਹ ਲੈਣ ਵਾਲੀ ਹਵਾ ਵਾਂਗ ਸਾਡੇ ਮਹੌਲ ਵਿਚ ਰੱਚ ਵੱਸ ਗਏ ਹਨ! ਅਜਿਹੇ ਹਾਲਾਤ ਵਿਚ ਜਦ ਲੋਕ ਆਪਣੇ ਨਾਲ ਰਹਿਣ ਵਾਲੇ ਬੰਦੇ ਤੋਂ ਐਨਾ ਦੁਖੀ ਹੋਣ ਅਤੇ ਉਸ ਤੇ ਭਰੋਸਾ ਨਾ ਕਰਦੇ ਹੋਣ, ਰਾਤ ਨੂੰ ਇਕੱਲੇ ਕਿਤੇ ਜਾਣ ਤੋਂ ਦਸ ਵਾਰ ਸੋਚਦੇ ਹੋਣ ਤਾਂ ''ਖ਼ੁਸ਼ਖ਼ਬਰੀ'' ਸੁਣਨਾ ਅਸਾਨ ਨਹੀਂ ਹੈ! ਪੌਲੁਸ ਅਜਿਹੇ ਮਾਹੌਲ ਲਈ ਬੇਨਤੀ ਕਰ ਰਿਹਾ ਸੀ ਜਿਸ ਵਿਚ ਲੋਕ ਇੰਜੀਲ ਨੂੰ ਕਬੂਲ ਕਰ ਸਕਣ। ਅੱਜ ਜਦ ਤਕ ਅਜਿਹਾ ਮਹੌਲ ਬਨਾਉਣ ਲਈ ਦੁਆ ਨਹੀਂ ਕੀਤੀ ਜਾਵੇਗੀ ਤਦ ਤਕ ਅਜਿਹਾ ਹੋਣਾ ਮੁਮਕਿਨ ਨਹੀਂ ਹੈ।

## ਪਾਠ 5: ਇਕ ਯੋਜਨਾ ਦਾ ਉਪਾਅ (2:3–7)

### ਸਭ ਲੋਕਾਂ ਲਈ ਇਕ ਯੋਜਨਾ (ਆਇਤਾਂ 3, 4)

ਲੋਕਾਂ ਨੂੰ ਸਿਰਫ਼ ਦੁਆ ਹੀ ਨਹੀਂ ਬਲਕਿ ਖ਼ੁਦਾ ਦੀ ਯੋਜਨਾ ਦੀ ਵੀ ਲੋੜ ਹੈ। ਉਸ ਦੀ ਕਿਰਪਾ ਸਭ ਲੋਕਾਂ ਦੇ ''ਬਚਾਏ ਜਾਣ'' ਲਈ ਕਾਫ਼ੀ ਹੈ। ਯਿਸੂ ਸਭ ਲਈ ਮਰਿਆ (2 ਕੁਰਿੰਥੀਆਂ 5:14, 15), ਸਾਨੂੰ ਸਭ ਕੋਲ ਭੇਜਦਾ ਹੈ (ਮਰਕੁਸ 16:15, 16; ਮੱਤੀ 28:18-20), ਅਤੇ ਉਸ ਨੇ ਸਭ ਲੋਕਾਂ ਲਈ ਇੰਜੀਲ ਮੁਹੱਈਆ ਕਰਵਾਈ ਹੈ (ਯਹੂਦਾ 3)। ਓਸੇ ਇੰਜੀਲ ਦੇ ਰਾਹੀਂ ਸਭ ਲੋਕਾਂ ਦਾ ਨਿਆਂ ਹੋਵੇਗਾ (ਰੋਮੀਆਂ 14:10-12; 2 ਕੁਰਿੰਥੀਆਂ 5:10)।

ਰੂਹਾਂ ਨੂੰ ਪਾਪ ਤੋਂ ਬਚਾਉਣ ਤੇ ਉਨ੍ਹਾਂ ਦਾ ਅਤੀਤ ਸਾਫ਼ ਹੋ ਜਾਂਦਾ ਹੈ (ਰਸੂਲਾਂ ਦੇ ਕੰਮ 2:38; 22:16)। ਖ਼ੁਦਾ ਦੀ ਯੋਜਨਾ ਇਹ ਵੀ ਹੈ ਕਿ ਸਭ ਲੋਕ ''ਸਤ ਦੇ ਗਿਆਨ ਤੀਕ ਪਹੁੰਚਣ'' (2:4)। ਬਹੁਤ ਸਾਰੇ ਲੋਕ ਭਈਆਂ ਨੂੰ ਮਸੀਹ ਵਿਚ ਉਨ੍ਹਾਂ ਦੇ ਬਪਤਿਸਮੇ ਦੇ ਬਾਅਦ ਤਿਆਰ ਅਤੇ ਮਜ਼ਬੂਤ ਕਰਨ ਵਿਚ ਨਾਕਾਮ ਰਹੇ ਹਨ (ਵੇਖੋ ਮੱਤੀ 28:18-20; 1 ਪਤਰਸ 1:22-2:2)। ਪੌਲੁਸ ਨਹੀਂ ਚਾਹੁੰਦਾ ਸੀ ਕਿ ਭਾਈ ਇਸ ਗੱਲ ਤੋਂ ਅਣਜਾਣ ਰਹਿਣ (1 ਕੁਰਿੰਥੀਆਂ 10:1; 12:1)। *ਪੌਲੁਸ ਨੇ ਉਨ੍ਹਾਂ ਨੂੰ ਉਵੇਂ ਹੀ ਸਿਖਾਇਆ ਜਿਵੇਂ ਉਹ ਸਮਝ ਸਕਦੇ ਸਨ* (1 ਕੁਰਿੰਥੀਆਂ 3:2; ਯੂਹੰਨਾ 16:12, 13; ਇਬਰਾਨੀਆਂ 16:11-14)। ਜਦ ਤਕ ਇੰਜੀਲ ਦੇ ਪ੍ਰਚਾਰਕ ਮੈਂਬਰਾਂ ਨੂੰ ਮਜ਼ਬੂਤ ਬਨਾਉਣ ਦਾ ਕੰਮ ਕਰਨ ਲਈ

ਤਿਆਰ ਹੋ ਕੇ ਉਸ ਨੂੰ ਕਰਦੇ ਨਹੀਂ ਹਨ, ਤਦ ਤਕ ਕਮਜ਼ੋਰ ਭਾਈ ਮਿਲਦੇ ਹੀ ਰਹਿਣਗੇ ਅਤੇ ਸਾਡੇ ਵਿਚ ਕਮਜ਼ੋਰ ਮੰਡਲੀਆਂ ਬਣੀਆਂ ਰਹਿਣਗੀਆਂ!

## ਇਕ ਵਸੀਲੇ ਰਾਹੀਂ ਮਿਲੀ ਯੋਜਨਾ (ਆਇਤ 5)

ਖ਼ੁਦਾ ਵੱਲੋਂ ਸਭ ਲੋਕਾਂ ਲਈ ਇਕ ਛੁਟਕਾਰੇ ਦਾ ਮੁੱਲ ਦਿੰਦਿਆਂ, ਇਕ ਵਿਚੋਲੇ ਦੇ ਰਾਹੀਂ ਮੁਕਤੀ ਦੀ ਖ਼ੁਦਾਈ ਯੋਜਨਾ ਦਿੱਤੀ ਗਈ ਹੈ। ਇਸ ਮਹਾਨ ਯੋਜਨਾ ਨੂੰ ਦੇਣ ਵਾਲਾ *ਇੱਕੋ ਖ਼ੁਦਾ* ਹੈ। ਮਨੁੱਖ ਜਾਤੀ ਵਿਚ ਏਕਤਾ ਹੋਣ ਤੋਂ ਪਹਿਲਾਂ ''ਇੱਕੋ ਖ਼ੁਦਾ'' ਦੀ ਪਛਾਣ ਹੋਣਾ ਜ਼ਰੂਰੀ ਹੈ। ਯਹੋਵਾਹ ਯਹੂਦੀਆਂ ਦਾ ਹੀ ਨਹੀਂ ਬਲਕਿ ਗ਼ੈਰ ਕੌਮਾਂ ਦਾ ਵੀ ਖ਼ੁਦਾ ਹੈ (ਰੋਮੀਆਂ 3:29, 30)। ਮਨੁੱਖ ਕਿਸੇ ਹੋਰ ਨੂੰ ਕਿਉਂ ਭਾਲੇ? ਉਹੀ ਅਨਾਦੀ (ਜ਼ਬੂਰ 90:1, 2; 1 ਯੂਹੰਨਾ 1:1-3), ਸਰਵ ਸ਼ਕਤੀਮਾਨ ਅਤੇ ਸਰਵ ਗਿਆਨੀ ਹੈ (ਅੱਯੂਬ 42:1, 2; 1 ਤਿਮੋਥਿਉਸ 6:15; ਜ਼ਬੂਰ 66:5-7)। ਖ਼ੁਦਾ ਪ੍ਰੇਮ ਹੈ (1 ਯੂਹੰਨਾ 4:8)। ਸਾਨੂੰ ਅਨੰਦ ਕਰਨਾ ਚਾਹੀਦਾ ਹੈ ਕਿ ਅਸੀਂ ਉਸ ਇਕ ਖ਼ੁਦਾ ਦੇ ਅਖਵਾ ਸਕਦੇ ਹਾਂ।

| | |
|---|---|
| ਉਹ ਸਭ ਤੋਂ ਉੱਪਰ ਹੈ। | ਉਸ ਦੀ ਸ਼ਕਤੀ |
| ਉਹ ਸਭ ਦੇ ਰਾਹੀਂ ਹੈ। | ਉਸ ਦਾ ਉਪਾਅ<br>(ਅਫ਼ਸੀਆਂ 4:6; 2 ਕੁਰਿੰਥੀਆਂ 2:14) |
| ਉਹ ਸਭ ਵਿਚ ਹੈ। | ਉਸ ਦੀ ਮੌਜੂਦਗੀ |

## ਇਕ ਮੁਕਤੀਦਾਤੇ ਵਾਲੀ ਯੋਜਨਾ (ਆਇਤ 6)

ਇਸ ਯੋਜਨਾ ਵਾਲਾ ''ਇਕ ਵਿਚੋਲਾ'' ਹੈ।[12] ਬੇਨਤੀਆਂ ਕਰਨ ਵਾਲੇ ਤਾਂ ਕਈ ਹੋ ਸਕਦੇ ਹਨ (ਵੇਖੋ 1 ਤਿਮੋਥਿਉਸ 2:1, 2; ਰੋਮੀਆਂ 8:26, 27), ਪਰ *ਵਿਚੋਲਾ* ਸਿਰਫ਼ *ਇੱਕੋ* ਹੈ। ਉਹ ਔਰਤ ਨਹੀਂ, ਬਲਕਿ ਮਰਦ ਹੈ। ਕੁਝ ਲੋਕ ਉਸ ਦੀ ਮਾਤਾ ਮਰੀਅਮ ਨੂੰ ਉਸ ਦੀ ਥਾਂ ਦੇਣਾ ਚਾਹੁੰਦੇ ਹਨ। ਪਰ ਮਰੀਅਮ ਨੇ ਖ਼ੁਦਾ ਦੀ ਵਡਿਆਈ *ਪ੍ਰਭੂ* ਦੇ ਰੂਪ ਵਿਚ ਕੀਤੀ ਅਤੇ ''ਮੇਰੇ ਮੁਕਤੀ ਦਾਤਾ ਪਰਮੇਸ਼ੁਰ'' ਆਖ ਕੇ ਉਸ ਵਿਚ ਆਨੰਦਿਤ ਹੋਈ (ਲੂਕਾ 1:46, 47)। ਯੂਹੰਨਾ 2:5 ਵਿਚ ਅਸੀਂ ਵੇਖਦੇ ਹਾਂ ਕਿ ਉਸ ਨੇ ਲੋਕਾਂ ਨੂੰ ਕਿਹਾ ਕਿ ''ਜੋ ਕੁਝ *[ਯਿਸੂ]* ਤੁਹਾਨੂੰ ਕਹੇ ਸੋ ਕਰੋ।'' ਸਾਨੂੰ ਵੀ ਚਾਹੀਦਾ ਹੈ ਕਿ ਉਵੇਂ ਹੀ ਕਰੀਏ ਜਿਵੇਂ ਉਸ ਮੌਕੇ ਤੇ ਮਰੀਅਮ ਨੇ ਲੋਕਾਂ ਨੂੰ ਕਰਨ ਲਈ ਆਖਿਆ ਸੀ। ਮਰੀਅਮ ਨੂੰ ਕਦੇ ਵੀ ਖ਼ੁਦਾ ਅਤੇ ਮਨੁੱਖ ਦੇ ਦਰਮਿਆਨ ਉਸ *ਇੱਕ ਵਚੋਲੇ* ਨੂੰ ਬਦਲਣ ਵਾਲੀ ਦੇ ਰੂਪ ਵਿਚ ਨਹੀਂ ਵੇਖਣਾ ਚਾਹੀਦਾ।[13]

ਸਾਡਾ ਛੁਟਕਾਰਾ ਇਸ ਕਰਕੇ ਸੰਭਵ ਹੋਇਆ ਕਿਉਂਕਿ ਉਹ ਇਕ ਵਿਚੋਲਾ, ਜਾਂ ਸਹਾਇਕ ਸਭ ਲਈ ਪ੍ਰਾਸਚਿਤ ਬਣਿਆ (ਉਸ ਨੇ ਮੁੱਲ ਭਰਿਆ; 1 ਯੂਹੰਨਾ 2:1, 2); *ਕਿੰਨਾ ਵਿਰੋਧਾਭਾਸ ਹੈ!* ਜਿਸ ਨੇ ਕੋਈ ਪਾਪ ਨਹੀਂ ਕੀਤਾ ਸੀ ਓਸੇ ਨੇ ਆਪਣੀ ਦੇਹ ਉੱਤੇ ਸਭ ਲੋਕਾਂ ਦੇ ਪਾਪ ਚੁੱਕ ਲਏ (1 ਪਤਰਸ 2:21-24)। ਉਸ ਦੇ ਲਈ ਪ੍ਰਾਸਚਿੱਤ ਬਣਨਾ ਕਿੰਨਾਂ ਗਲਤ ਸੀ, ਪਰ ਸਾਡੇ ਲਈ ਛੁਟਕਾਰਾ ਕਿੰਨਾ ਵੱਡਾ ਹੈ (1 ਪਤਰਸ 1:18-21; ਇਬਰਾਨੀਆਂ 4:15, 16; 7:25-27; ਅਫ਼ਸੀਆਂ 1:3-7)! ਇਸ ਲਈ ਸਾਨੂੰ ਸਦਾ ਖ਼ੁਦਾ ਅਤੇ ਮੁਕਤੀਦਾਤੇ ਦੀ, ਜਿਸ ਨੇ ਸਾਨੂੰ ਚੈਨ ਦਿੱਤਾ, ਸ਼ੁਕਰਗੁਜ਼ਾਰ ਮਨਾਂ ਨਾਲ ਤਾਰੀਫ਼ ਕਰਦੇ ਰਹਿਣਾ

ਚਾਹੀਦਾ ਹੈ (ਪ੍ਰਕਾਸ਼ ਦੀ ਪੋਥੀ 5:9-14; 7:9-12)।

## ਇਵੈਂਜਲਿਸਟ ਪੌਲੁਸ ਵੱਲੋਂ ਐਲਾਨੀ ਯੋਜਨਾ (ਆਇਤ 7)

ਇਸ ਯੋਜਨਾ ਵਿਚ ਪੌਲੁਸ ਦਾ ਯੋਗਦਾਨ ਉਸ ਦੀ ਨਿਯੁਕਤੀ ਦੇ ਰੂਪ ਵਿਚ ਹੋਇਆ,[14] ਜਦ ਉਹ ''ਪ੍ਰਚਾਰਕ ਕਰਨ ਵਾਲਾ'' ਥਾਪਿਆ ਗਿਆ।[15] ਪ੍ਰਚਾਰਕ ਦੇ ਰੂਪ ਵਿਚ ਉਸ ਦਾ ਕੰਮ ਕਿਸੇ ਹੋਰ ਦਾ ਸੁਨੇਹਾ ਅੱਗੇ ਦੇਣਾ ਜਾਂ ਉਸ ਦਾ ਐਲਾਨ ਕਰਨਾ ਸੀ।

ਪੌਲੁਸ ਨੂੰ ''ਰਸੂਲ'' ਵੀ ਠਹਿਰਾਇਆ ਗਿਆ ਸੀ।[16] ਇਸ ਦਾ ਅਰਥ ਇਹ ਹੋਇਆ ਕਿ ਉਸ ਨੇ ਨਾ ਸਿਰਫ਼ ਹੁਕਮਾਂ ਦਾ ਪਾਲਣ ਕੀਤਾ ਬਲਕਿ ਉਹਦੇ ਕੋਲ ਉਨ੍ਹਾਂ ਹੁਕਮਾਂ ਨੂੰ ਦੇ ਕੇ ਭੇਜਣ ਵਾਲੇ ਦੀ ਨੁਮਾਇੰਦਗੀ ਕਰਨ ਦਾ ਅਧਿਕਾਰ ਵੀ ਸੀ (ਵੇਖੋ ਯੂਹੰਨਾ 13:20; 17:8, 18-21; ਮੱਤੀ 10:40)।

ਇਸ ਦੇ ਇਲਾਵਾ ਪੌਲੁਸ ਨੂੰ ''ਉਪਦੇਸ਼ ਕਰਨ ਵਾਲਾ'' ਵੀ ਠਹਿਰਾਇਆ ਗਿਆ ਸੀ। ਜੇ ਇਨ੍ਹਾਂ ਨਿਯੁਕਤੀਆਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਵੇਖਿਆ ਜਾਵੇ ਤਾਂ ਪੌਲੁਸ ਨੇ ਸੰਦੇਸ਼ ਦੇਣਾ ਸੀ, ਜਾਂ ਉਸ ਦਾ *ਐਲਾਨ* ਕਰਨਾ ਸੀ ਭਾਵ ਰਸੂਲ ਨੇ ਸੁਣਨ ਵਾਲਿਆਂ ਨੂੰ ਖ਼ੁਦਾਈ ਇਖ਼ਤਿਆਰ ਨਾਲ ਇਸ ਦੀ ਅਹਿਮੀਅਤ ਦਾ *ਯਕੀਨ* ਦੁਆਉਣਾ ਸੀ; ਅਤੇ ਆਪਣੇ ਕੰਮ ਵਿਚ ਮਾਹਿਰ ਉਪਦੇਸ਼ ਕਰਨ ਵਾਲੇ (ਉਸਤਾਦ) ਨੂੰ ਦਿੱਤੀ ਗਈ ਜਾਣਕਾਰੀ ਜਾਂ ਹੁਕਮਾਂ ਨੂੰ *ਯਕੀਨੀ* ਬਨਾਉਣਾ ਸੀ। ਪ੍ਰਚਾਰ ਨੇ ਸੁਣਨ ਵਾਲਿਆਂ ਦਾ ਧਿਆਨ ਖਿੱਚਣਾ ਸੀ, ਰਸੂਲ ਨੇ ਉਸ ਵਿਸ਼ੇ ਦੀ ਗੰਭੀਰਤਾ ਤੇ ਅਸਰ ਪਾਉਣਾ ਸੀ ਅਤੇ ਉਪਦੇਸ਼ਕ ਜਾਂ ਉਸਤਾਦ ਨੇ ਉਸ ਸੰਦੇਸ਼ ਦਾ ਅਰਥ ਸਮਝਾਉਣਾ ਸੀ (ਵੇਖੋ ਰਸੂਲਾਂ ਦੇ ਕੰਮ 8:29-39; ਰੋਮੀਆਂ 10:13-15)। ਬੇਸ਼ੱਕ ਪੌਲੁਸ ਇਹ ਸਭ ਕੰਮ ਕਰਨ ਵਿਚ ਕਾਬਲ ਸੀ।[17] ਉਸ ਨੇ ਦੂਜਿਆਂ ਨੂੰ ਸਿਖਾਉਣਾ ਸੀ ਕਿ ਉਨ੍ਹਾਂ ਨੇ *ਕਿਵੇਂ* ਚੱਲਣਾ ਹੈ (''ਵਿਸ਼ਵਾਸ ਵਿਚ''; 2:7; 1:4, 5, 19; 2 ਕੁਰਿੰਥੀਆਂ 5:7) ਅਤੇ *ਕਿੱਥੇ* ਚੱਲਣਾ ਹੈ (''ਸੱਚਾਈ ਵਿਚ''; ਯੂਹੰਨਾ 14:6; 2 ਪਤਰਸ 2:21, 22; ਜ਼ਬੂਰ 119:105)।

ਇਸ ਅਧਿਆਇ ਵਿਚ *ਸੱਤ ਅਹਿਮ ਖੇਤਰਾਂ* ਦੀ ਪਛਾਣ ਕਰਾਈ ਗਈ ਹੈ ਅਤੇ ਇਵੈਂਜਲਿਸਟਾਂ ਜਾਂ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਧਿਆਨ ਵਿਚ ਰੱਖਣ: (1) ਦੁਆ, (2) *ਸਭ* ਲੋਕਾਂ ਦਾ ਧਿਆਨ ਰੱਖਣਾ, (3) ਖ਼ੁਦਾ ਦੀ ਯੋਜਨਾ ਨੂੰ ਸਮਝਣਾ, (4) ਮਸੀਹ ਦੀ ਸਥਿਤੀ (ਇੱਕੋ ਵਿਚੋਲਾ), (5) ਪੌਲੁਸ ਦਾ ਮਕਸਦ ਅਤੇ ਐਲਾਨ, (6) ਮਨੁੱਖੀ ਢੰਗ (''ਸਾਡਾ ਵਿਸ਼ਵਾਸ''; 1 ਯੂਹੰਨਾ 5:4), ਅਤੇ (7) ਸੁਝਾਇਆ ਗਿਆ ਰਾਹ (ਯੂਹੰਨਾ 5:39, 40; 2 ਯੂਹੰਨਾ 9)।

## ਪਾਠ 6: ਆਦਮੀਆਂ ਅਤੇ ਔਰਤਾਂ ਲਈ ਨਮੂਨਾ (2:8-15)

## ਪੁਰਖਾਂ ਦਾ ਢੰਗ (ਆਇਤ 8)

ਅਜੇ ਵੀ ਇਸ ਸੰਦਰਭ ਵਿਚ ਦੁਆ ਦੀ ਅਹਿਮਤੀਅਤ ਦੇ ਜ਼ੋਰ ਦਿੱਤਾ ਗਿਆ ਹੈ। ਪੌਲੁਸ ਚਾਹੁੰਦਾ ਸੀ ਕਿ ਆਦਮੀ[18] (''ਹਰ ਥਾਂ''; 2:8) ਦੁਆ ਕਰਿਆ ਕਰਨ। ਯਕੀਨਨ ਹੀ ਪੌਲੁਸ ਦਾ ਇਹ ਲਿਖਣ ਦਾ ਮਕਸਦ ਕੁਝ ਥਾਂਵਾਂ ਤੋਂ ਔਰਤਾਂ ਨੂੰ ਹਟਾਉਣਾ ਨਹੀਂ, ਬਲਕਿ ਆਦਮੀਆਂ

ਨੂੰ *ਕਿਸੇ ਵੀ ਥਾਂ* ਦੁਆ ਕਰਨ ਲਈ ਤਿਆਰ ਰਹਿਣ ਲਈ ਦਲੇਰ ਕਰਨਾ ਹੈ। ਕਿਸੇ ਪ੍ਰਾਰਥਨਾ ਸਭਾ ਵਿਚ ਕਿਸੇ ਹੋਰ ਜਮਾਤ ਦੇ ਧਾਰਮਿਕ ਆਗੂ ਦੀ ਮੌਜੂਦਗੀ ਵਿਚ ਦੁਆ ਕਰਨ ਬਾਰੇ ਦਿਲਚਸਪ ਚਰਚੇ ਹੁੰਦੇ ਰਹਿੰਦੇ ਹਨ। ਭਲਾ ਕੋਈ ਇਕ ਦੂਜੇ ਧਾਰਮਿਕ ਫ਼ਿਰਕੇ ਦੀ ਬੰਦਗੀ ਦੀ ''ਦੁਆ ਵਿਚ ਅਗਵਾਈ ਕਰਨ ਦਾ ਸੱਦਾ ਕਬੂਲ ਕਰ ਸਕਦਾ ਹੈ''? ਦੁਆ ਵਿਚ ਕਹੀ ਜਾਣ ਵਾਲੀ ਗੱਲ ਅਤੇ ਕਹਿਣ ਦੇ ਢੰਗ ਨੂੰ ਉੱਪਰੋਂ ਮਿਲੀ ਸੱਚਿਆਈ ਅਤੇ ਸਮਝ ਨਾਲ ਪਰਖਿਆ ਜਾਣਾ ਚਾਹੀਦਾ ਹੈ, ਅਤੇ ਸਾਨੂੰ ਚੌਕਸ ਰਹਿਣਾ ਚਾਹੀਦਾ ਹੈ ਕਿ ਸਾਡੇ ਅਸਰ ਨਾਲ ਗ਼ਲਤ ਸਿਸਟਮ ਜਾਂ ਸਿੱਖਿਆ ਦਾ ਪ੍ਰਚਾਰ ਨਾ ਹੋਵੇ; ਪਰ ਪੌਲੁਸ ਨੇ ਆਤਮਾ ਦੀ ਪ੍ਰੇਰਣਾ ਨਾਲ ਇਹ ਇੱਛਾ ਜ਼ਾਹਿਰ ਕਰਕੇ ਕਿ ਪੁਰਖ *ਸਭਨੀ ਥਾਈਂ* ਦੁਆ ਕਰਨ, ਇਨ੍ਹਾਂ ਸਭ ਮਸਲਿਆਂ ਨੂੰ ਉਲਝਾਅ ਦਿੱਤਾ।

ਪੌਲੁਸ ਨੇ ਜੇਲ੍ਹ ਵਿਚ ਦੁਆ ਕੀਤੀ, ਜਿਸ ਵਿਚ ਉਸ ਦੀਆਂ ਗੱਲਾਂ ਸੁਣਨ ਵਾਲੇ ਲੋਕ ਮੁਜਰਮ ਸਨ (ਰਸੂਲਾਂ ਦੇ ਕੰਮ 16:24, 25)। ਸਾਨੂੰ ਆਪਣੇ ਸਤਾਉਣ ਵਾਲਿਆਂ ਲਈ ਦੁਆ ਕਰਨੀ ਚਾਹੀਦੀ ਹੈ (ਮੱਤੀ 5:44)। ਸਾਨੂੰ ਇਕ ਦੂਜੇ ਲਈ ਦੁਆ ਕਰਨੀ ਚਾਹੀਦੀ ਹੈ (ਯਾਕੂਬ 5:16-18)। ਸਾਨੂੰ ਹਰ ਗੱਲ ਲਈ ਸ਼ੁਕਰਗੁਜ਼ਾਰੀ ਕਰਨੀ ਚਾਹੀਦੀ ਹੈ। ਸਾਨੂੰ ''ਨਿੱਤ'' (1 ਥੱਸਲੁਨੀਕੀਆਂ 5:17) ਦੁਆ ਕਰਦੇ ਰਹਿਣਾ ਚਾਹੀਦਾ ਹੈ (ਅਫ਼ਸੀਆਂ 5:20)। ਇਸ ਲਈ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਨੇ ਚਾਹਿਆ ਕਿ ਆਦਮ ਸਭਨੀ ਥਾਈਂ ਦੁਆ ਕਰਨ!

ਪੌਲੁਸ ਦੀ ਮੁੱਖ ਦਿਲਚਸਪੀ ਦੁਆ ਕਰਨ ਵਾਲੇ ਆਦਮੀਆਂ ਦਾ ਸੁਭਾਅ ਅਤੇ ਵਿਹਾਰ ਸੀ। ਪੌਲੁਸ ਨੇ ਆਦਮੀਆਂ ਨੂੰ ''ਪਵਿੱਤਰ ਹੱਥ'' ਚੁੱਕ ਕੇ ਦੁਆ ਕਰਨ ਲਈ ਆਖਿਆ। ਯਹੂਦੀ ਲੋਕ ਆਮ ਤੌਰ ਤੇ ਇਵੇਂ ਹੀ ਦੁਆ ਕਰਦੇ ਸਨ। ਸ਼ਰਤ ਇਹੀ ਹੈ ਕਿ ਖ਼ੁਦਾ ''ਪਵਿੱਤਰ ਹੱਥਾਂ'' ਨੂੰ ਚਾਹੁੰਦਾ ਹੈ।

''ਪਵਿੱਤਰ[19] ਹੱਥਾਂ'' ਵਾਲੇ ਆਦਮੀ ਦਾ ਅੰਤਹਕਰਣ (ਯੂਸਫ਼ ਵਾਂਗ) ਖ਼ੁਦਾ ਵੱਲੋਂ ਹੀ ਹੋਵੇਗਾ ਭਾਵੇਂ ਉਹ ਕਿਤੇ ਵੀ ਚਲਿਆ ਜਾਵੇ (ਉਤਪਤ 39:9; ਜ਼ਬੂਰ 18:20-24; ਅੱਯੂਬ 1:1, 8; 2:3; ਜ਼ਬੂਰ 33:1; ਕਹਾਉਤਾਂ 11:3, 6, 11, 20)। ਰੋਮੀਆਂ 16:16 ਵਿਚ ਪੌਲੁਸ ਸਲਾਮ ਦੇ ਰੂਪ ਵਿਚ ਚੁੰਮੇ ਵਾਂਗ ਇੱਥੇ ਦੁਆ ਦੀ ਖਾਸ ਸਥਿਤੀ ਤੇ ਜ਼ੋਰ ਨਹੀਂ ਦੇ ਰਿਹਾ ਹੈ। ਬਲਕਿ ਉਹਦਾ ਜ਼ੋਰ ਇਸ ਗੱਲ ਤੇ ਸੀ ਕਿ ਸਾਡੀਆਂ ਦੁਆਵਾਂ, ਸਾਡੇ ਸਲਾਮ, ਅਤੇ ਸਾਡੀਆਂ ਜ਼ਿੰਦਗੀਆਂ ਪਵਿੱਤਰ ਹੋਣ!

ਦੁਆ ''ਪਵਿੱਤਰ ਹੱਥਾਂ *ਨਾਲ*'' ਤਾਂ ਹੋਣੀ ਚਾਹੀਦੀ ਹੈ, ਪਰ ਇਹ ਦੋ ਗੱਲਾਂ ਦੇ ''ਬਗ਼ੈਰ'' ਹੋਣੀ ਚਾਹੀਦੀ ਹੈ। ਪਹਿਲਾਂ ਤਾਂ ਇਹ ''ਬਿਨਾਂ ਕ੍ਰੋਧ''[20] ਦੇ ਹੋਣੀ ਚਾਹੀਦੀ ਹੈ। ''ਪਵਿੱਤਰ ਹੱਥਾਂ'' ਦੀ ਗੱਲ ਕਰਨ ਦੇ ਬਾਅਦ, ਪੌਲੁਸ ਨੇ ਇਸ ਚਿਤਾਵਨੀ ਵਿਚ ''ਬਾਹਰ ਜਾਣ'' ਨਾਲ ਜੁੜਿਆ ਇਕ ਸ਼ਬਦ ਹੋਰ ਜੋੜ ਦਿੱਤਾ। ਕਿਸੇ ਵੀ ਹਾਲਤ ਵਿਚ, ਖ਼ਾਸ ਕਰਕੇ ਜਿੱਥੇ ਦਬਾਅ ਅਤੇ ਜਜ਼ਬਾਤ ਹੋਣ, ਹੱਥਾਂ ਨੂੰ ਕਾਬੂ ਵਿਚ ਰੱਖਣਾ ਬੇਹੱਦ ਲਾਜ਼ਮੀ ਹੁੰਦਾ ਹੈ! ਸਾਡੀ ਦੁਆ, ''ਬਿਨਾਂ ਝਗੜੇ ਦੇ'' ਹੋਣੀ ਚਾਹੀਦੀ ਹੈ।[21] ਮਸੀਹੀ ਲੋਕਾਂ ਨੂੰ ਲੜਨਾ ਨਹੀਂ ਚਾਹੀਦਾ। ਸਾਡੇ ਅੱਗੇ ਰਾਜ ਦੇ ਅੰਦਰ ਅਤੇ ਬਾਹਰੋਂ ਸਾਡੇ ਵੱਲੋਂ ਫ਼ਜ਼ੂਲ ਝਗੜਿਆਂ ਨੂੰ ਵਧਾਏ ਬਗ਼ੈਰ ਹੀ ਕਈ ਬੁਰਾਈਆਂ ਦੀ ਚੁਣੌਤੀ ਹੋਵੇਗੀ (ਵੇਖੋ ਮੱਤੀ 22:15-22, 46; ਲੂਕਾ 23:39, 40; ਯੂਹੰਨਾ 8:1-6)।

ਜੇ ਸਭ ਭਾਈ ਇੱਥੇ ਅਤੇ ਰੋਮੀਆਂ 14:16-19 ਵਿਚ ਦਿੱਤੀਆਂ ਪੌਲੁਸ ਦੀਆਂ ਸਲਾਹਾਂ ਤੋਂ ਸਬਕ ਲੈਣ ਤਾਂ ਬਹੁਤ ਸਾਰੀਆਂ ਬੇਚੈਨ ਰਾਤਾਂ ਅਤੇ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

## ਔਰਤਾਂ ਦਾ ਢੰਗ (ਆਇਤਾਂ 9, 10)

ਫਿਰ ਪੌਲੁਸ ਨੇ ਔਰਤਾਂ ਲਈ ਖ਼ਾਸ ਮਾਪਦੰਡ ਦਿੱਤੇ। ਪੌਲੁਸ ਵੱਲੋਂ ਔਰਤਾਂ ਨੂੰ ਦੱਸਣ ਲਈ ਤਿਮੋਥਿਉਸ ਨੂੰ ਹਦਾਇਤਾਂ ਨਾਲ ਨਾ ਸਿਰਫ਼ ਉਨ੍ਹਾਂ ਔਰਤਾਂ ਨੂੰ ਜਿਹੜੀਆਂ ਮਸੀਹ ਵਿਚ ਹਨ, ਬਲਕਿ ਸਭ ਨੂੰ ਫ਼ਾਇਦਾ ਹੋਣਾ ਸੀ। ਇਨ੍ਹਾਂ ਖੂਬੀਆਂ ਨਾਲ ਐਸ਼ਪਰਸਤ ਅਤੇ ਕਾਮ ਵਾਸਨਾ ਨੂੰ ਵੱਸ ਵਿਚ ਨਾ ਰੱਖਣ ਵਾਲੀਆਂ ਇਨ੍ਹਾਂ ਔਰਤਾਂ ਨੂੰ ਸੰਸਾਰ ਵਿਚ ਆਪਣੀ ਪੋਸ਼ਾਕ ਅਤੇ ਵਿਹਾਰ ਨਾਲ ਵੱਖਰੀ ਪਛਾਣ ਮਿਲਣੀ ਸੀ।

ਇਹ ਗੰਭੀਰ ਆਇਤਾਂ ਔਰਤ ਦੇ ਪਹਿਰਾਵੇ, ਉਸ ਦੇ ਵਿਹਾਰ, ਉਸ ਦੇ ਕਾਰਜ ਅਤੇ ਮਰਦਾਂ ਨਾਲ ਉਸ ਦੇ ਮੇਲ-ਜੋਲ ਨਾਲ ਸਬੰਧਿਤ ਹਨ। ਇਸ ਸਭ ਦੇ ਅਖ਼ੀਰ ਵਿਚ ਇਹ ਦੱਸਦਿਆਂ ਕਿ ਔਰਤਾਂ ਦੀ ਮੁਕਤੀ ਕਿਵੇਂ ਹੋ ਸਕਦੀ ਹੈ, ਉਨ੍ਹਾਂ ਨੂੰ ਇਕ ਸ਼ਾਨਦਾਰ ਸ਼ਰਧਾਂਜਲੀ ਹੈ।

**ਉਹਦੀ ਪੋਸ਼ਾਕ**

ਪ੍ਰਭੂ ਚਾਹੁੰਦਾ ਹੈ ਕਿ ਔਰਤਾਂ ''ਆਪਣੇ ਆਪ ਨੂੰ'' ਸਹੀ ਢੰਗ ਨਾਲ ''ਸੁਆਰਨ।''[22] ਇਸ ਅਸਾਨ ਜਿਹੇ ਵਾਕ ਵਿਚ ਚਾਰ ਸਬਕ ਹਨ: (1) ਖ਼ੁਦਾ ਚਾਹੁੰਦਾ ਹੈ ਕਿ ਔਰਤਾਂ ਦੀ ਖੂਬਸੂਰਤੀ ਅਤੇ ਕਸ਼ਿਸ਼ ਦੀ ਸੰਭਾਲ ਕੀਤੀ ਜਾਵੇ ਅਤੇ ਉਸ ਦਾ ਪੂਰਾ ਖਿਆਲ ਰੱਖਿਆ ਜਾਵੇ। (2) ਪਹਿਰਾਵੇ ਤੋਂ ਉਨ੍ਹਾਂ ਦੀ ਖੂਬਸੂਰਤੀ ਅਤੇ ਕਸ਼ਿਸ਼ ਭਾਵ ਨੈਤਿਕਤਾ ਅਤੇ ਰੂਹਾਨੀਅਤ ਦਾ ਪਤਾ ਲੱਗੇ। (3) ਔਰਤਾਂ ਨੂੰ ਆਪਣੇ ਆਪ ਨੂੰ ਸੁਆਰਨਾ ਭਾਵ ਤਿਆਰ ਕਰਨਾ ਚਹੀਦਾ ਹੈ। (4) ਔਰਤਾਂ ਨੂੰ ਮਰਿਆਦਾ ਵਾਲਾ ਪਹਿਰਾਵਾ, ਸਲੀਕੇ ਨਾਲ ਸੀਤੇ ਹੋਏ, ਆਦਰ ਯੋਗ ਅਤੇ ਸਨਮਾਨ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ। ਇਸ ਸੰਦਰਭ ਵਿਚ ਪੌਲੁਸ ਅਤੇ ਤਿਮੋਥਿਉਸ ਦੇ ਸਮੇਂ ਵਿਚ ''ਗੁੰਦਿਆਂ ਹੋਇਆ ਵਾਲਾਂ, ਸੋਨੇ ਜਾਂ ਮੋਤੀਆਂ ਜਾਂ ਭਾਰੇ ਮੁੱਲ ਦੇ[23] ਵਸਤਰਾਂ'' ਦੇ ਫ਼ੈਸ਼ਨ ਦੀ ਬੁਰਿਆਈ ਦਾ ਪਤਾ ਲਗਦਾ ਹੈ।

ਸਾਫ਼ ਹੈ ਕਿ ਪਹਿਰਾਵੇ ਦੀਆਂ ਇਨ੍ਹਾਂ ਗੱਲਾਂ ਦਾ ਆਪਸ ਵਿਚ ਸਬੰਧ ਹੈ ਅਤੇ ਇਹ ਹਰ ਯੁੱਗ ਅਤੇ ਸਮਾਜ ਵਿਚ ਵੱਖੋ-ਵੱਖ ਹੁੰਦੇ ਹਨ। ਪਹਿਲਾਂ ਪਹਿਲ, ਆਦਮ ਅਤੇ ਹੱਵਾਹ ਕੁਝ ਨਹੀਂ ਪਾਉਂਦੇ ਸਨ ਫਿਰ ਵੀ ਉਨ੍ਹਾਂ ਨੂੰ ਕੋਈ ਸ਼ਰਮ ਨਹੀਂ ਲਗਦੀ ਸੀ (ਉਤਪਤ 2:25)। ਖ਼ੁਦਾ ਨੇ ਉਨ੍ਹਾਂ ਨੂੰ ਅਜਿਹੇ ਹੀ ਬਣਾਇਆ ਸੀ ਅਤੇ ਇਹ ਵਧੀਆ ਸੀ (ਉਤਪਤ 1:26, 27, 31)। ਖ਼ੁਦਾ ਦਾ ਹੁਕਮ ਤੋੜਨ ਦੇ ਬਾਅਦ, ਉਸ ਨੇ ਉਨ੍ਹਾਂ ਲਈ ਪੋਸ਼ਾਕ ਬਣਾ ਕੇ ਉਨ੍ਹਾਂ ਨੂੰ ਪੁਆਈ, ਜੋ ਚੰਗੀ ਸੀ (ਉਤਪਤ 3:21)।

ਪੌਲੁਸ ਦੇ ਵਕਤ ਵੀ ਕੁਝ ਅਜਿਹਾ ਸੀ ਜਿਸ ਨੂੰ ''ਸੁਹਾਉਣੀ ਪੋਸ਼ਾਕ'' ਕਿਹਾ ਜਾ ਸਕਦਾ ਸੀ, ਅਤੇ ਇਹੀ ਗੱਲ ਹਰ ਯੁੱਗ ਵਿਚ ਲਾਗੂ ਹੁੰਦੀ ਹੈ। ਖ਼ੁਦਾ ਨੂੰ ਖ਼ੁਸ਼ ਕਰਨ ਦੀ ਇੱਛਾ ਰੱਖਣ ਵਾਲੀ ਹਰ ਔਰਤ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਸੁਆਰ ਕੇ ਰੱਖੇ।

ਬਹੁਤ ਜ਼ਿਆਦਾ ਅਤੇ ਬਹੁਤ ਘੱਟ ਪਹਿਨਣ ਦੀ ਅਤੀ ਤੋਂ ਬਚਣਾ ਚਾਹੀਦਾ ਹੈ।[24] ''ਭਗਤੀ'' ਕਰਨ ਵਾਲੀਆਂ ਔਰਤਾਂ ਲਈ ਭਾਰਾ ਸੋਨਾ, ਬਹੁਤੇ ਮੋਤੀ ਅਤੇ ਕੀਮਤੀ ਪੋਸ਼ਾਕ ਸ਼ੋਭਾ ਨਹੀਂ ਦਿੰਦੀ।[25] ਬਹੁਤ ਘੱਟ ਕੱਪੜੇ ਜਾਂ ਇਸ ਤਰ੍ਹਾਂ ਪਾਉਣਾ ਜਿਸ ਨਾਲ ਆਦਮੀ ਕਿਸੇ ਔਰਤ ਵੱਲ ਬੁਰੀ ਨਜ਼ਰ ਨਾਲ ਵੇਖਣ ਲਈ ਉਕਸਾਇਆ ਜਾਵੇ ''ਆਦਰ ਯੋਗ'' ਜਾਂ ''ਸਨਮਾਨ ਵਾਲਾ'' ਹੋਣ ਨਾਲ ਮੇਲ ਨਹੀਂ ਖਾਂਦਾ (ਵੇਖੋ ਮੱਤੀ 5:27, 28)। ਬੀਬੀਓ, ਪੌਲੁਸ ਨੇ ਇੱਥੇ ਨਾ ਸਿਰਫ਼ ਤੁਹਾਡੇ ਪਹਿਰਾਵੇ ਜਾਂ ਪੋਸ਼ਾਕ ਲਈ ਹਦਾਇਤ ਦਿੱਤੀ ਹੈ ਬਲਕਿ

ਉਸ ਨੇ ਪਹਿਨਣ ਵਿਚ ਆਪਣੇ ਵਿਹਾਰ ਤੇ ਵੀ ਨਜ਼ਰ ਰੱਖਣ ਨੂੰ ਆਖਿਆ।

**ਉਸ ਦਾ ਵਿਹਾਰ**

ਔਰਤਾਂ ਦੇ ਸਹੀ ਪੋਸ਼ਾਕ ਪਹਿਨਣ ਦੀ ਅਸਲ ਕੁੰਜੀ ''ਸੰਕੋਚ ਅਤੇ ਸੰਜਮ'' ਦੀਆਂ ਅੰਦਰੂਨੀ ਖੂਬੀਆਂ ਨਾਲ ਪਹਿਨਣਾ ਹੈ (2:9)।

''ਸੰਕੋਚ'' ਦਾ ਅੰਦਰੂਨੀ ਗੁਣ ਕਿੰਨਾਂ ਵਧੀਆ ਅਤੇ ਫ਼ਾਇਦੇਮੰਦ ਹੈ੧ ਇਸ ਦਾ ਮਤਲਬ ਇਹ ਹੋਇਆ ਕਿ ਇਸ ਨਾਲ ਮਸੀਹੀ ਭਾਈ ਅਤੇ ਭੈਣ ਦੇ ਮਨ ਦਾ ਪਤਾ ਲਗਦਾ ਹੈ। ਚੰਗੇ ਪਹਿਰਾਵੇ ਨਾਲ ਉਹ ਆਪਣੇ ਆਪ ਨੂੰ ਸ਼ਰਮਿੰਦੇ ਹੋਣ ਤੋਂ ਬਚਾ ਸਕਦੀ ਹੈ(ਵੇਖੋ 2 ਸ਼ਮੂਏਲ 11:2)। ਇਸ ਹੁਕਮ ਵਿਚ ਮੰਗ ਹੈ ਕਿ ਕੋਈ ਭੈਣ ਆਪਣੇ ਸਮਾਜ ਵਿੱਚਲੀ ਮਰਿਆਦਾ ਵਾਲੇ ਪਹਿਰਾਵੇ ਦੇ ਪ੍ਰਤੀ ਜਾਗਰੂਕ ਹੋਵੇ ਅਤੇ ਆਪਣੇ ਆਪ ਨੂੰ ਸਿਖਾਵੇ। ਸਹੀ ਵਿਹਾਰ ਨਾਲ ਉਹ ਕਿਸੇ ਵੀ ਅਜਿਹੀ ਪੋਸ਼ਾਕ ਬਾਰੇ ਸੱਚਮੁੱਚ ਚੌਕਸ ਹੋਵੇਗੀ ਜਿਸ ਨਾਲ ਉਸ ਨੂੰ ਸ਼ਰਮਿੰਦੇ ਹੋਣਾ ਪੈ ਸਕਦਾ ਹੈ।

ਬਾਈਬਲ ਦੇ ਮਾਪਦੰਡ ਨੂੰ ਬਣਾਈ ਰੱਖਣ ਲਈ ਪੌਲੁਸ ਨੇ ਜਿਸ ਗੁਣ ਦੀ ਲੋੜ ਉੱਤੇ ਜੋਰ ਦਿੱਤਾ ਹੈ ਉਹ ਹੈ ''ਸੰਕੋਚ।''[27] ਇਸ ਸ਼ਬਦ ਵਿਚ ਇਸ ਵਿਚ ਪਾਏ ਜਾਣ ਵਲੇ ਸੰਜਮ ਦੀ ਸ਼ਕਤੀ ਹੈ। ਇਸ ਸੰਦਰਭ ਵਿਚ, ਇਹ ਸ਼ਬਦ ਮੰਗ ਕਰਦਾ ਹੈ ਕਿ ਕਿਸੇ ਭੈਣ ਨੂੰ ਆਪਣੇ ਪਹਿਰਾਵੇ ਬਾਰੇ ਕਿੰਨਾਂ ਚੌਕਸ ਹੋਣ ਦੀ ਲੋੜ ਹੈ। ਖ਼ੁਦਾ ਵੇਖਦਾ ਹੈ! ਕਿਸੇ ਵੀ ਸੰਜੀਦਾ ਭੈਣ ਲਈ ਇਹ ਗੱਲ ਵਿਚਾਰਹੀਣ, ਬੇਅਰਥ ਨਹੀਂ ਹੋਵੇਗੀ। ਜੋ ਲੋਕ ਪਰਵਾਹ ਨਹੀਂ ਕਰਦੇ ਹਨ ਉਹ ਅਕਸਰ ਆਪਣੇ ਉੱਤੇ ਦੁੱਖ ਅਤੇ ਤਕਲੀਫ਼ ਨੂੰ ਸੱਦਾ ਦਿੰਦੇ ਹਨ। ਜਵਾਨ ਹੋਵੇ (ਜਾਂ ਬੁੱਢੀ) ਜਿਹੜੀ ਔਰਤ ਇਹ ਕਹਿੰਦੀ ਹੈ ਕਿ ''ਮੈਂ ਚਾਹੇ ਜੋ ਵੀ ਪਾਵਾਂ ਇਸ ਨਾਲ ਕਿਸੇ ਨੂੰ ਕੀ!'' ਉਸ ਨੇ ਪ੍ਰਭੂ ਨੂੰ ਭੁਲਾ ਦਿੱਤਾ ਹੈ!

ਸੰਕੋਚ ਅਤੇ ਸੰਜਮ, ਦੋ ਹੀ ਖੂਬੀਆਂ ਹਨ ਜਿਹੜੀਆਂ ਤੈਅ ਕਰਦੀਆਂ ਹਨ ਕਿ ਸਹੀ ਪਹਿਰਾਵਾ ਕੀ ਹੋਣਾ ਚਾਹੀਦਾ ਹੈ, ਇਹੀ ਅਸਲ ਕੁੰਜੀਆਂ ਹਨ। ਇਸ ਗੱਲ ਵਿਚ ਔਰਤਾਂ ਦੀ ਮਦਦ ਕਰਨ ਵਾਲੇ ਇਵੈਂਜਲਿਸਟ ਮੰਨਣਗੇ ਕਿ *ਹਰ ਮਸੀਹੀ ਔਰਤ* ਵਿਚ ਇਹ ਦੋ ਖੂਬੀਆਂ ਸਿਖਾਈਆਂ ਜਾਣੀਆਂ ਅਤੇ ਵਧਣੀਆਂ ਜ਼ਰੂਰੀ ਹਨ। ਫਿਰ ਸੁਭਾਵਕ ਹੈ ਕਿ ਪਹਿਰਾਵਾ ਆਦਰ ਯੋਗ ਅਤੇ ਸਨਮਾਨ ਵਾਲੀ ਸ਼ਖ਼ਸੀਅਤ ਵਿਖਾਉਣ ਲਈ ਚੁਣਿਆ ਜਾਵੇ।

**ਉਹਦਾ ਕੰਮ**

ਕਿਸੇ ਵੀ ਔਰਤ ਦੀ ਅਸਲ ਕਸ਼ਿਸ਼ ਉਸ ਦੇ ''ਨੇਕ ਕੰਮਾਂ'' ਤੋਂ ਹੋਣੀ ਚਾਹੀਦੀ ਹੈ (2:10; ਅਫ਼ਸੀਆਂ 2:10)। 1 ਤਿਮੋਥਿਉਸ 5:9, 10 ਵਿਚ ਪੌਲੁਸ ਨੇ ਮਸੀਹ ਵਿਚ ਭੈਣਾਂ ਲਈ ਭਲੇ ਕੰਮਾਂ ਵਿਚ ਲੱਗਣ ਦੀ ਹਦਾਇਤ ਜੋੜ ਦਿੱਤੀ। ਖ਼ੁਦਾ ਦਾ ਖੌਫ਼ ਮੰਨਣ ਵਾਲੀਆਂ ਔਰਤਾ ਲਈ ਸੇਵਾ ਕਰਨ ਦੇ ਬਹੁਤ ਸਾਰੇ ਢੰਗ ਹਨ ਅਤੇ ਉਨ੍ਹਾਂ ਨੂੰ ਸੇਵਾ ਕਰਨੀ ਵੀ ਚਾਹੀਦੀ ਹੈ (ਵੇਖੋ ਰਸੂਲਾਂ ਦੇ ਕੰਮ 5:12-16; 9:36-41; ਰੋਮੀਆਂ 16:1-5; ਅਫ਼ਸੀਆਂ 4:2, 3)। ਔਰਤ ਦੀ ਖ਼ੂਬਸੂਰਤੀ ਨਾਲ ਖਿੱਚਿਆ ਜਾਣਾ ਆਦਮੀ ਲਈ ਕੁਦਰਤੀ ਹੈ, ਪਰ ਆਦਮੀ ਨੂੰ ਅਸਲ ਪੱਕੀ ਖੂਬਸੂਰਤੀ ਖ਼ੁਦਾ ਵੱਲੋਂ ਬਣਾਏ ਗਏ ''ਸਹਾਇਕ'' (ਉਤਪਤ 2:20) ਦੀ ਵਧੀਆ ਜ਼ਿੰਦਗੀ ਅਤੇ ਕੰਮਾਂ ਵਿਚ ਹੀ ਮਿਲਦੀ ਹੈ।

## ਔਰਤਾਂ ਦੀ ਅਧੀਨਤਾ (ਆਇਤਾਂ 11-14)

ਆਦਮੀਆਂ ਨਾਲ ਔਰਤਾਂ ਦੇ ਸਬੰਧ ਦੀ ਚਰਚਾ ਕਰਦਿਆਂ, ਸਾਨੂੰ ਇੱਥੇ ਇਕ ਹੋਰ ਗੱਲ ਮਿਲਦੀ ਹੈ ਜਿਸ ਵਿਚ *ਅਧੀਨਤਾ ਵਿਚ ਵਡਿਆਈ* ਮਿਲਦੀ ਹੈ (ਵੇਖੋ ਅਫ਼ਸੀਆਂ 5:22; 1 ਪਤਰਸ 3:1-6; ਮੱਤੀ 20:26-28)। 11 ਤੋਂ 14 ਆਇਤਾਂ ਵਿਚ ਪੌਲੁਸ ਨੇ ਇਕ ਟੀਚੇ ਅਤੇ ਗਾਈਡ ਦਿੱਤਾ ਹੈ।

ਟੀਚਾ ਹੈ ''ਔਰਤ ਨੂੰ ਸਿੱਖਣਾ ਚਾਹੀਦਾ ਹੈ'[28] (NIV)। ਪੌਲੁਸ ਦੇ ਸ਼ਬਦਾਂ ਦੇ *ਪਰਗਤੀਸ਼ੀਲ* ਸੁਭਾਅ ਨੂੰ ਗੌਰ ਨਾਲ ਵੇਖਦੇ ਹਾਂ। ਉਹ ਚਾਹੁੰਦਾ ਸੀ ਕਿ ਔਰਤਾਂ ਸਿੱਖਣ, ਅੱਗੇ ਵੱਧਣ ਅਤੇ ਗਿਆਨ ਹਾਸਲ ਕਰਨ। ਇਕ ਸਿਸਟਮ ਦੇ ਰੂਪ ਵਿਚ ਮਸੀਹੀਅਤ ਨੇ ਹਰ ਯੁੱਗ ਅਤੇ ਸਮਾਜ ਵਿਚ ਔਰਤਾਂ ਦੇ ਵਿਕਾਸ ਤੇ ਧਿਆਨ ਦਿੰਦਿਆਂ, ਉਨ੍ਹਾਂ ਨੂੰ ਮਨੁੱਖੀ ਮਾਪਦੰਡਾਂ ਨਾਲ ਨਹੀਂ ਬਲਕਿ ਨੈਤਿਕ, ਇਖ਼ਲਾਕੀ ਅਤੇ ਵਿੱਦਿਅਕ ਤਰੱਕੀ ਦੇ ਕੇ ਉੱਚਾ ਉਠਾਇਆ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਕੀਤੀ ਹੈ।

ਉਸ ਸਿੱਖਿਆ ਲਈ ਰਹਿਨੁਮਾਈ ਦੇਣ ਵਾਲੀ ਗੱਲ ਇਹ ਹੈ ਕਿ ਉਹ ਇਹ ਕੰਮ ''ਖ਼ਾਮੋਸ਼ੀ ਅਤੇ ਪੂਰੀ ਅਧੀਨਗੀ ਵਿਚ'' ਕਰੇ (2:11; NIV)।[29] ਇਹ ਦੋਵੇਂ ਧਾਰਣਾਵਾਂ ਮਿਲਾਉਣ ਤੇ ਪਤਾ ਲਗਦਾ ਹੈ ਕਿ ਪੌਲੁਸ ਔਰਤਾਂ ਨੂੰ ਬੁੜਬੁੜ ਕਰਨ ਵਾਲੀ, ਪ੍ਰਤੀਕ੍ਰਿਆ ਜਤਾਉਣ ਵਾਲੇ ਅਤੇ ਬਹਿਸ ਕਰਨ ਵਾਲੇ ਮਾਹੌਲ ਤੋਂ ਦੂਰ ਰੱਖਣਾ ਚਾਹੁੰਦਾ ਸੀ ਕਿਉਂਕਿ ਅਜਿਹੇ ਮਾਹੌਲ ਵਿਚ ਅਧੀਨਤਾ ਨਾਲ ਰਹਿਣਾ ਜਾਂ ਸਿੱਖਣਾ ਸੰਭਵ ਨਹੀਂ ਹੈ। ਇਸ ਲਈ ਜੇ ਲੋਕ ਰੌਲਾ ਪਾ ਕੇ ਜਾਂ ਪ੍ਰਤਿਕ੍ਰਿਆ ਦੇ ਰੂਪ ਵਿਚ ਜਵਾਬ ਦੇਣ ਨੂੰ ਉਤਾਰੂ ਹਨ, ਤਾਂ ਔਰਤ ਨੂੰ ਅਧੀਨਤਾ ਅਤੇ ਖਾਮੋਸ਼ ਰਹਿਣ ਦੀ ਆਪਣੀ ਭੂਮਿਕਾ ਨਾਲ ਆਪਣੀ ਸ਼ਕਤੀ, ਸ਼ਾਨ ਅਤੇ ਮਨ ਦੀ ਸ਼ਾਂਤੀ ਸਭ ਤੋਂ ਵੱਧ ਲੱਗੇਗੀ (ਵੇਖੋ ਰੋਮੀਆਂ 12:20, 21)। ਰੌਲਾ ਪਾਉਣ ਵਾਲੀ, ਖਰੂਦੀ ਔਰਤ ਨਾ ਤਾਂ ਪ੍ਰਭਾਵਸ਼ਾਲੀ ਢੰਗ ਨਾਲ ਸਿਖਾ ਸਕੇਗੀ ਅਤੇ ਨਾ ਹੀ ਸਿਖ ਸਕੇਗੀ।

ਇਹ ਵੇਖਣਾ ਜ਼ਰੂਰੀ ਹੈ ਕਿ ਪੌਲੁਸ ਨੇ ਔਰਤ ਦੀ ਅਗਵਾਈ ਦੇ ਰੂਪ ਵਿਚ ''ਅਧੀਨਤਾ'[80] (KJV) ਦੀ ਖੂਬੀ ਕਿਉਂ ਜੋੜੀ ਹੈ। ਇਹ ਕਿਸੇ ਦੀ ਅਹਿਮੀਅਤ ਜਾਂ ਉਸ ਦੀ ਸ਼ਖ਼ਸੀਅਤ ਨੂੰ ਘੱਟ ਕਰਨ ਲਈ ਨਹੀਂ ਹੈ। ਕੀ ਅਸੀਂ ਯਿਸੂ ਤੋਂ ਆਪਣੇ ਆਪ ਨੂੰ ਮਨੁੱਖਾਂ ਲਈ ਅਤੇ ਮਨੁੱਖਾਂ ਦੇ ਸਾਹਮਣੇ ਅਧੀਨ ਕਰਨ ਕਰਕੇ ਘਿਰਣਾ ਕਰਦੇ ਹਾਂ? (ਵੇਖੋ ਮੱਤੀ 20:26-28; ਯੂਹੰਨਾ 13:2-17.) ਔਰਤ ਲਈ (1) ਆਦਮੀ ਦੇ (1 ਕੁਰਿੰਥੀਆਂ 11:3), (2) ਆਪਣੇ ਪਤੀ ਦੇ (ਅਫ਼ਸੀਆਂ 5:22; 1 ਪਤਰਸ 3:1-6) ਅਤੇ (3) ਕਲੀਸੀਆ ਵਿਚ (1 ਕੁਰਿੰਥੀਆਂ 14:34, 35) ਅਧੀਨ ਹੋਣਾ ਜ਼ਰੂਰੀ ਹੈ। ਕਲੀਸੀਆ ਦੇ ਮਾਮਲੇ ਵਿਚ ਸਾਨੂੰ ਚਾਹੀਦਾ ਹੈ ਕਿ ਕਿਸੇ ਦੇ ਪੱਖ ਵਿਚ ਫ਼ੈਸਲਾ ਲੈਣ ਤੋਂ ਬਚੀਏ। ਔਰਤ ਲਈ ਇਨ੍ਹਾਂ ਸਭ ਸਬੰਧਾਂ ਦੀ ਕੁੰਜੀ ਅਧੀਨਤਾ ਵਿਚ ਮਿਲਦੀ ਹੈ। 1 ਕੁਰਿੰਥੀਆਂ 14:34, 35 ਵਿਚ ਪੌਲੁਸ ਦੇ ਵਾਕ ਵਿਚ ''ਨਹੀਂ/ਪਰ'' ਤੇ ਧਿਆਨ ਦਿਓ:

> ਮੰਡਲੀਆਂ ਵਿਚ ਤੀਵੀਆਂ ਚੁੱਪ ਹੋ ਰਹਿਣ ਕਿਉਂ ਜੋ ਉਨ੍ਹਾਂ ਨੂੰ ਬੋਲਣ ਦੀ ਆਗਿਆ *ਨਹੀਂ ਹੈ ਸਗੋਂ* ਓਹ *ਅਧੀਨ* ਹੋ ਰਹਿਣ ਜਿਵੇਂ ਸ਼ਰ੍ਹਾ ਵੀ ਕਹਿੰਦੀ ਹੈ। ਅਤੇ ਜੇ ਕੁਝ ਸਿੱਖਣਾ ਚਾਹੁੰਦੀਆਂ ਹਨ ਤਾਂ ਘਰ ਵਿਚ ਆਪੋ ਆਪਣੇ ਪਤੀਆਂ ਕੋਲੋਂ ਪੁੱਛਣ ਕਿਉਂ ਜੋ ਤੀਵੀਂ ਦੇ ਲਈ ਮੰਡਲੀ ਵਿਚ ਬੋਲਣਾ ਲਾਜ ਦੀ ਗੱਲ ਹੈ।

ਭਲਾ ਇਨ੍ਹਾਂ ਆਇਤਾਂ ਵਿਚ ਇਹ ਕਿਹਾ ਗਿਆ ਹੈ ਕਿ ਔਰਤ ਕਲੀਸੀਆ ਵਿਚ ਬਿਲਕੁਲ ਖਾਮੋਸ਼ ਰਹੇ? ਜੇ ਇਹ ਸਹੀ ਹੈ ਕਿ ਉਹ ਸਿਰਫ਼ ਖਾਮੋਸ਼ ਹੀ ਰਹੇ ਬੋਲੇ ਨਾ, ਤਾਂ ਉਹ ਗਾ ਕਿਵੇਂ ਸਕਦੀ ਹੈ? ਗਾਉਣਾ ਤਾਂ ਸਾਫ਼ ਤੌਰ ਤੇ ''ਜ਼ਬੂਰ ਅਤੇ ਭਜਨ ਅਤੇ ਆਤਮਿਕ ਗੀਤ ਗਾਉਂਦੇ ਹੋਏ'' ਗੱਲਾਂ ਕਰਨਾ ਹੀ ਹੈ (ਅਫ਼ਸੀਆਂ 5:19)। ਜੇ ''ਔਰਤ ਦਾ ਮੰਡਲੀ ਵਿਚ ਬੋਲਣਾ ਲਾਜ ਦੀ ਗੱਲ'' ਹੀ (1 ਕੁਰਿੰਥੀਆਂ 14:35) ਹੁੰਦਾ ਤਾਂ ਉਸ ਲਈ ਗਾਉਣਾ ਵੀ ਸਹੀ ਨਹੀਂ ਹੋਣਾ ਸੀ।

ਜੇ ਇਸ ਗੱਲ ਦੀ ਇਜਾਜ਼ਤ ਹੈ ਕਿ ਕੋਈ ਔਰਤ ਕਲੀਸੀਆ ਦੀਆਂ ਮੰਡਲੀਆਂ ਵਿਚ ਗਾ ਸਕਦੀ ਹੈ ਕਿਉਂਕਿ ਉਹ ਅਧੀਨ ਹੈ (ਉਸ ਸੰਦਰਭ ਵਿਚ ਜਿਸ ਨਿਯਮ ਦੀ ਸਿੱਖਿਆ ਪੌਲੁਸ ਦੇ ਰਿਹਾ ਸੀ) ਤਾਂ ਭਲਾ ਉਹ ਕਲੀਸੀਆ ਦੀ ਸਭਾ ਵਿਚ ਅਧੀਨ ਰਹਿ ਕੇ ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਕੇ ਬੋਲ ਸਕਦੀ ਹੈ? ਉਦਾਹਰਣ ਲਈ ਭਲਾ ਇਹ ਪੁੱਛੇ ਜਾਣ ਤੇ ਕਿ ਬੀਮਾਰ ਮੈਂਬਰ ਦਾ ਕੀ ਹਾਲ ਹੈ (ਸੇਵਾ ਕਰਨ ਵਾਲੇ ਮਨ ਅਤੇ ਅਧੀਨਤਾ ਵਿਚ ਗੱਲ ਕਰਦਿਆਂ) ਜਵਾਬ ਦੇ ਸਕਦੀ ਹੈ। ਜੇ ਔਰਤਾਂ ਦੀ ਬਾਈਬਲ ਕਲਾਸ ਵਿਚ ਆਦਮੀ ਵੀ ਹੋਣ ਤਾਂ ਭਲਾ ਕੋਈ ਐਲਡਰ ਸੁਣਨ ਵਾਲਿਆਂ ਵਿੱਚੋਂ ਕਿਸੇ ਔਰਤ ਨੂੰ, ਉਸ ਮੰਡਲੀ ਵਿਚ (ਅਧੀਨਤਾ ਨਾਲ) ਬੋਲਣ ਦੀ ਇਜਾਜ਼ਤ ਦੇ ਕੇ ਸਮਾਂ ਪੁੱਛ ਸਕਦਾ ਹੈ?

*ਇਨ੍ਹਾਂ ਸਵਾਲਾਂ ਦੇ ਜਵਾਬਾਂ ਤੋਂ ਇਹ ਪਤਾ ਲਗਦਾ ਹੈ ਕਿ 1 ਕੁਰਿੰਥੀਆਂ 14 ਵਿਚ ਔਰਤ ਦੇ ''ਖਾਮੋਸ਼'' ਰਹਿਣ ਜਾਂ ''ਚੁਪ ਰਹਿਣ'' ਦਾ ਸਬੰਧ ਸਾਫ਼ ਤੌਰ ਤੇ ਇਸ ਗੱਲ ਵਿਚ ਹੈ ਕਿ ਉਹ ਅਧੀਨ ਰਹੇ।* ''ਖਾਮੋਸ਼'' ਅਤੇ ''ਚੁੱਪ ਰਹੇ'' ਸ਼ਬਦ ਸਿਰਫ਼ ਅਤੇ ਸਿਰਫ਼ ਉੱਥੇ ਹੀ ਲਾਗੂ ਹੁੰਦੇ ਹਨ।

ਅਧੀਨਤਾ ਦੀ ਇਸ ਸੋਚ ਨੂੰ ਬਣਾਈ ਰੱਖਦਿਆਂ, ਪੌਲੁਸ ਨੇ ਅੱਗੇ ਕਿਹਾ, ''ਮੈਂ ਕਹਿੰਦਾ ਹਾਂ ਕਿ ਔਰਤ *ਉਪਦੇਸ਼ ਨਾ ਕਰੇ* ਅਤੇ ਨਾ ਪੁਰਖ ਉੱਤੇ ਹੁਕਮ ਚਲਾਏ, *ਬਲਕਿ* ਚੁੱਪ ਰਹੇ।'' (''ਨਹੀਂ/ਪਰ'' ਤੇ ਟਿੱਪਣੀ 23 ਵੇਖੋ।) ਕੁਝ ਥਾਂਵਾਂ ਅਤੇ ਕੁਝ ਢੰਗਾਂ ਨਾਲ ਔਰਤ ਦੇ ਸਿਖਾਉਣ ਦੇ ਕਾਬਲ ਹੋਣ ਬਾਰੇ ਪੌਲੁਸ ਨਾ ਤਾਂ ਬਾਈਬਲ ਦੀ ਸਿੱਖਿਆ ਦਾ ਅਤੇ ਨਾ ਆਪਣੇ ਆਪ ਦਾ ਵਿਰੋਧ ਕਰ ਰਿਹਾ ਸੀ (ਵੇਖੋ ਤੀਤੁਸ 2:3-5; ਰਸੂਲਾਂ ਦੇ ਕੰਮ 18:24-26; 21:9; ਅਫ਼ਸੀਆਂ 6:1; 1 ਤਿਮੋਥਿਉਸ 5:14)। ਔਰਤਾਂ ਸਿਖਾਉਣ ਦਾ ਕੰਮ ਕਰ ਸਕਦੀਆਂ ਹਨ, ਪਰ ਇਹ ਕੰਮ ਉਨ੍ਹਾਂ ਨੂੰ ਅਧੀਨ ਰਹਿ ਕੇ ਕਰਨਾ ਚਾਹੀਦਾ ਹੈ (''ਅਧਿਕਾਰ ਰੱਖਣ'' ਦੀ ਭੂਮਿਕਾ ਤੋਂ ਦੂਰ ਰਹਿ ਕੇ[31])।

ਅਧੀਨਤਾ ਦੀ ਔਰਤ ਦੀ ਭੂਮਿਕਾ ਨੂੰ ਪੌਲੁਸ ਨੇ ਪੁਰਾਣੇ ਜ਼ਮਾਨੇ ਦੀਆਂ ਦੋ ਘਟਨਾਵਾਂ ਨਾਲ ਹੋਰ ਸਪੱਸ਼ਟ ਕੀਤਾ: (1) ਸੰਸਾਰ ਦੀ ਤਰਤੀਬ-ਪਹਿਲਾਂ ਪੁਰਖ ਨੂੰ ਅਤੇ ਫਿਰ ਔਰਤ ਨੂੰ ਬਣਾਇਆ ਗਿਆ ਸੀ (ਉਤਪਤ 1; 2); (2) ਖ਼ੁਦਾ ਦੇ ਖਿਲਾਫ਼ ਬਗ਼ਾਵਤ ਕਰਨ ਦੀ ਤਰਤੀਬ-ਔਰਤ ਪਾਪ ਵਿਚ ਪਹਿਲਾਂ ਡਿੱਗੀ ਸੀ (ਉਤਪਤ 3:6-16)। ਜੇ ਅਸੀਂ ਉਨ੍ਹਾਂ ਦੋਹਾਂ ਦੇ ਸ਼ੁਰੂ ਵਿਚ ਨੰਗੇ ਹੋਣ ਤੇ ਸਵਾਲ ਨਹੀਂ ਖੜਾ ਕਰ ਸਕਦੇ ਜਿਸ ਵਿਚ ਪਾਪ ਵਿਚ ਉਨ੍ਹਾਂ ਦੇ ਡਿੱਗਣ ਦੇ ਬਾਅਦ ਖ਼ੁਦਾ ਵੱਲੋਂ ਦਿੱਤੇ ਲਿਬਾਸ ਵਿਚ ਬਦਲ ਦਿੱਤਾ ਗਿਆ ਸੀ, ਤਾਂ ਔਰਤ ਦੇ ਅਧੀਨ ਹੋਣ ਦੇ ਕਾਰਣਾਂ ਲਈ ਇਨ੍ਹਾਂ ਘਟਨਾਵਾਂ ਤੇ ਇਤਰਾਜ਼ ਵੀ ਨਹੀਂ ਕਰ ਸਕਦੇ ਹਾਂ। ਉਹ ਜਿਹੜਾ ਸਾਨੂੰ ਸਾਥੋਂ ਬੇਹਤਰ ਜਾਣਦਾ ਹੈ, ਉਸ ਨੇ ਔਰਤ ਦੇ ਇਸ ਢੰਗ ਨਾਲ ਸੇਵਾ ਕਰਨ ਵਿਚ ਖੂਬੀ ਅਤੇ ਅਹਿਮੀਅਤ ਵੇਖੀ ਹੈ (ਵੇਖੋ ਯੂਹੰਨਾ 2:25; ਲੂਕਾ 12:2; ਪ੍ਰਕਾਸ਼ ਦੀ ਪੋਥੀ

2:13; ਅੱਯੂਬ 42:1, 2)।

## ਔਰਤਾਂ ਨੂੰ ਇਕ ਸ਼ਰਧਾਂਜਲੀ (ਆਇਤ 15)

ਪੌਲੁਸ ਨੇ ਆਪਣੇ ਆਪ ਨੂੰ ਔਰਤ ਵਿਰੋਧੀ ਹੋਣ ਦਾ ਠੱਪਾ ਲੱਗਣੋਂ ਬਚਾ ਲਿਆ ਕਿਉਂਕਿ ਉਸ ਨੇ ਜ਼ੋਰ ਦੇ ਕੇ ਆਖਿਆ ਕਿ ਔਰਤ ਦੇ ਰਾਹੀਂ ਸੰਸਾਰ ਵਿਚ ਮੁਕਤੀਦਾਤੇ ਦੇ ਆਉਣ ਦਾ ਢੰਗ ਖ਼ੁਦਾ ਦਾ ਨਿਰਾਲਾ ਤਰੀਕਾ ਸੀ। ਆਇਤ 15 ਵਿਚ ਉਹ ਆਖਦਾ ਹੈ, ''ਤਾਂ ਵੀ ਬਾਲ ਜਣਨ ਦੇ ਵਸੀਲੇ ਨਾਲ ਉਹ ਬਚਾਈ ਜਾਵੇਗੀ ਜੇ ਉਹ ਨਿਹਚਾ ਅਤੇ ਪ੍ਰੇਮ ਅਤੇ ਪਵਿੱਤਰਤਾਈ ਵਿਚ ਸੰਜਮ ਨਾਲ ਟਿਕੀਆਂ ਰਹਿਣ।'' ਇਹੀ ਕਾਰਣ ਹੈ ਕਿ ''ਬਾਲ ਜਣਨ'' ਰਾਹੀਂ ਉਹ ਅਤੇ ਸਾਰੀ ਮਨੁੱਖਜਾਤੀ ਬਚਾਈ ਜਾਵੇਗੀ।

ਵੇਖੋ ਕਿ ਇਹ ਆਇਤ ਕੀ *ਨਹੀਂ ਸਿਖਾਉਂਦੀ।* ਇਹ ਆਇਤ ਇਹ ਨਹੀਂ ਸਿਖਾਉਂਦੀ ਕਿ ਬਚਾਏ ਜਾਣ ਲਈ ਜਨਮ ਦੇਣ ਦੀ ਕਾਬਲੀਅਤ ਹੋਣਾ ਜ਼ਰੂਰੀ ਹੈ। ਅਣਵਿਆਹੀਆਂ ਔਰਤਾਂ ਜਾਂ ਉਸ ਔਰਤ ਦਾ ਕੀ ਬਣੇਗਾ ਜਿਹੜੀ ਵਿਆਹ ਤਾਂ ਕਰਦੀ ਹੈ ਪਰ ਉਸ ਦਾ ਪਤੀ ਪਿਤਾ ਨਹੀਂ ਬਣ ਸਕਦਾ? ਉਸ ਔਰਤ ਦਾ ਕੀ ਹੋਵੇਗਾ ਜਿਹੜੀ ਆਪਣੀ ਜਿਸਮਾਨੀ ਹਾਲਤ ਕਰਕੇ ਬੱਚੇ ਨੂੰ ਜਨਮ ਨਹੀਂ ਦੇ ਸਕਦੀ? ਉਸ ਮੁਟਿਆਰ ਦਾ ਕੀ ਹੋਵੇਗਾ ਜਿਹੜੀ ਵਿਆਹ ਤੋਂ ਪਹਿਲਾਂ ਹੀ ਮਰ ਜਾਂਦੀ ਹੈ। ਕਿਸੇ ਔਰਤ ਦਾ ਬਚਾਇਆ ਜਾਣਾ ਉਸ ਦੇ ਬੱਚੇ ਜਣਨ ਦੀ ਯੋਗਤਾ ਤੇ ਨਿਰਭਰ ਨਹੀਂ ਹੈ।

ਨਾ ਹੀ ਕਿਸੇ ਮਾਂ ਦਾ ਬਚਾਇਆ ਜਾਣਾ ਉਸ ਦੇ ਬੱਚਿਆਂ ਦੇ ਵਿਸ਼ਵਾਸੀ ਬਣੇ ਰਹਿਣ ਤੇ ਟਿਕਿਆ ਹੈ, ਜਿਵੇਂ ਕਿ ਕੁਝ ਲੋਕ ''ਜੇ ਉਹ ਨਿਹਚਾ ... ਵਿਚ ... ਟਿਕੀਆਂ ਰਹਿਣ'' ਤੋਂ ਅਰਥ ਕੱਢਦੇ ਹਨ। ਇਹ ਦਾਅਵਾ ਕਰਨਾ ਕਿ ਕਿਸੇ ਔਰਤ ਦਾ ਬਚਾਇਆ ਜਾਣਾ ਉਸ ਦੀ ਔਲਾਦ ਦੇ ਵਿਸ਼ਵਾਸੀ ਬਣੇ ਰਹਿਣ ਨਾਲ ਤੈਅ ਹੁੰਦਾ ਹੈ, ਬਹੁਤ ਸਾਰੀਆਂ ਆਇਤਾਂ ਦਾ ਉਲੰਘਣ ਹੈ (ਉਦਾਹਰਣ ਲਈ, ਪ੍ਰਕਾਸ਼ ਦੀ ਪੋਥੀ 20:11-13)। ਪਿਤਾ ਦੀ ਜ਼ਿੰਮੇਵਾਰੀ ਵੀ ਓਨੀ ਹੀ ਹੈ ਜਿੰਨੀ ਮਾਂ ਦੀ (ਵੇਖੋ ਅਫ਼ਸੀਆਂ 6:1-4)।

2 ਕੁਰਿੰਥੀਆਂ 5:10 ਅਤੇ ਰੋਮੀਆਂ 14:12 ਤੋਂ ਪਤਾ ਲਗਦਾ ਹੈ ਕਿ ਅਸਾਂ ਸਭਨਾਂ ਨੇ ਖ਼ੁਦਾ ਦੇ ਅੱਗੇ *ਆਪੋ ਆਪਣਾ* ਲੇਖਾ ਦੇਣਾ ਹੈ। ਕਿਸੇ ਬੱਚੇ ਦਾ ਵਿਸ਼ਵਾਸੀ ਰਹਿਣਾ ਮਾਂ ਜਾਂ ਬਾਪ ਲਈ ਜਵਾਬ ਨਹੀਂ ਹੈ। ਮੱਤੀ 10:35-37 ਅਤੇ ਲੂਕਾ 12:51-53 ਵਿਚ ਐਲਾਨ ਹੈ ਕਿ ਕੁਝ ਲੋਕ ਹੁਕਮ ਮੰਨਣਗੇ ਜਦ ਕਿ ਕੁਝ ਲੋਕ ਨਹੀਂ। ਜੇ ਮਾਂ-ਬਾਪ ਨੇ ਹੁਕਮ ਨਹੀਂ ਮੰਨਿਆ ਹੈ ਪਰ ਬੱਚਿਆਂ ਨੇ ਮੰਨਿਆ ਹੈ, ਤਾਂ ਭਲਾ ਮਾਂ-ਬਾਪ ਦਾ ਬਚਾਇਆ ਜਾਣਾ ਇਸ ਅਧਾਰ ਤੇ ਹੋ ਸਕੇਗਾ ਕਿ ਉਨ੍ਹਾਂ ਦੇ ਬੱਚੇ ''ਨਿਹਚਾ, ਪ੍ਰੇਮ ਅਤੇ ਪਵਿੱਤਰਤਾਈ ਵਿਚ'' ਬਣੇ ਰਹੇ? ਬਿਲਕੁਲ ਨਹੀਂ।

ਅੱਗੇ ਦਿੱਤੇ ਕਾਰਣਾ ਲਈ ਅਸੀਂ ਵੇਖ ਸਕਦੇ ਹਾਂ ਕਿ ''ਉਹ'' ਸ਼ਬਦ ਬੱਚਿਆਂ ਲਈ ਨਹੀਂ ਹੈ। ਜੇ ਕੋਈ ਆਖੇ, ''ਕਿਉਂਕਿ ਪੌਲੁਸ ਨੇ 'ਉਹ' (ਇਕ ਵਚਨ) ਕਿਹਾ ਜਦਕਿ 'ਉਹ' ਬਹੁਵਚਨ ਹੈ ਇਸ ਲਈ ਇਹ ਔਰਤ ਲਈ ਨਹੀਂ ਹੋ ਸਕਦਾ,'' ਤਾਂ ਮੇਰਾ ਜਵਾਬ ਹੋਵੇਗਾ ਕਿ ਉਸ ਅਧਾਰ ਤੇ ਇਹ ਬੱਚਿਆਂ ਲਈ ਵੀ ਨਹੀਂ ਹੋ ਸਕਦਾ ਕਿਉਂਕਿ ਪੌਲੁਸ ਨੇ ''ਬਾਲ ਜਣਨ''[32] (ਇਕਵਚਨ) ਸ਼ਬਦ ਵਰਤਿਆ ਹੈ ਨਾ ਕਿ ''ਬੱਚੇ ਜਣਨ'' (ਬਹੁਵਚਨ)।

ਤਾਂ ਫਿਰ ''ਉਹ'' ਸ਼ਬਦ ਕਿਹਦੇ ਲਈ ਵਰਤਿਆ ਗਿਆ ਹੈ? ਆਇਤ 15 ਵਿਚ

''ਉਹ'' ਆਤਮ ਔਰਤਾਂ ਲਈ ਹੋਣਾ ਚਾਹੀਦਾ ਹੈ, ਜਿਨ੍ਹਾਂ ਦਾ ਬਚਾਇਆ ਜਾਣਾ ''ਨਿਹਚਾ, ਪ੍ਰੇਮ ਅਤੇ ਸੰਜਮ [RSV] ਪਵਿੱਤਰਤਾ ਵਿਚ ਬਣੇ ਰਹਿਣ ਨਾਲ ਹੀ ਹੋ ਸਕਦਾ ਹੈ।'' ਇੱਥੇ ਪੌਲੁਸ ਓਸੇ ਗੱਲ ਨੂੰ ਸੰਖੇਪ ਕਰ ਰਿਹਾ ਹੈ ਜਿਸ ਦੀ ਜਾਣ ਪਛਾਣ ਉਸ ਨੇ ਆਇਤ 9 ਵਿਚ ''ਇਸਤਰੀਆਂ'' (ਬਹੁਵਚਨ) ਦੀ ਵਰਤੋਂ ਕਰਦਿਆਂ ਦਿੱਤੀ ਸੀ।

''ਬਾਲ ਜਣਨ ਨਾਲ ਉਹ ਬਚਾਈ ਜਾਵੇਗੀ'' ਵਾਕ ਅੰਸ਼ ਕਿਵੇਂ ਲਾਗੂ ਹੁੰਦਾ ਹੈ? ਜੇ ਸੰਦਰਭ ਲਈ ਹੁੰਦਾ ਤਾਂ ਇਹ ਔਖਾ ਹੋ ਸਕਦਾ ਸੀ। ਪੌਲੁਸ ਨੇ ਅਧੀਨਤਾ ਦੇ ਨਿਯਮ ਤੇ ਚਰਚਾ ਕਰਨ ਲਈ ਹੱਵਾਹ ਦਾ ਪਰਿਚੈ ਦਿੱਤਾ। ਉਸ ਨੇ ਇਹ ਧਿਆਨ ਦੁਆਉਂਦਿਆਂ ਕਿ ਜੇ ਅਦਨ ਬਾਗ ਵਿਚ ਹੱਵਾਹ ਦਾ ਪਾਪ ਵਿਚ ਡਿੱਗਣਾ ਔਰਤ ਲਈ ਲਾਜ ਦੀ ਗੱਲ ਸੀ, ਤਾਂ ਔਰਤ ਦੇ ਮਾਣ ਅਤੇ ਸਿਹਰੇ ਲਈ ਪ੍ਰਭੂ ਦੀ ਮਾਤਾ ਮਰੀਅਮ ਵਿਚ ਉਸ ਦਾ ਜਲਾਲ ਅਤੇ ਮਹਾਨਤਾ ਨਜ਼ਰ ਆਉਂਦੀ ਹੈ। ਉਸ ਦੇ ਬਾਲਜਣਨ ਦੇ ਰਾਹੀਂ ਭਾਵ ''ਇਕ'' ਬੱਚਾ ਨਹੀਂ ਬਲਕਿ ''ਬੱਚੇ ਜਣਨ'' ਦੇ ਰਾਹੀਂ, ਕਿਉਂਕਿ ਛੁਟਕਾਰਾ ਦੁਆਉਣ ਵਾਲਾ ਪੈਦਾ ਹੋਇਆ ਸੀ (ਗਲਾਤੀਆਂ 4:4)। ਇਹ ਅਜਿਹੀ ਗੱਲ ਹੈ ਜਿਸ ਨੂੰ ਆਦਮੀ, ਜਿਸ ਦੇ ਅਧੀਨ ਔਰਤ ਹੈ, ਨਹੀਂ ਕਰ ਸਕਦਾ ਸੀ। ਔਰਤ ਦੇ ਰਾਹੀਂ ਬਾਲਕ ਮਸੀਹ ਆਇਆ, ਜਿਸ ਨੂੰ ਸੰਸਾਰ ਦਾ ਮੁਕਤੀਦਾਤਾ ਬਣਨ ਲਈ ਭੇਜਿਆ ਗਿਆ ਸੀ (1 ਯੂਹੰਨਾ 4:14)।

ਇਸ ਕਰਕੇ ਔਰਤਾਂ ਦਾ ਬਚਾਇਆ ਜਾਣਾ ਉਨ੍ਹਾਂ ਦੇ ਬੱਚੇ ਜਣਨ ਦੀ ਯੋਗਤਾ ਦੇ ਅਧਾਰ ਤੇ ਨਹੀਂ ਬਲਕਿ ਇਸ ਅਹਿਮ ਤੱਥ ਤੇ ਅਧਾਰਤ ਹੈ ਕਿ ਇਕ ਬੱਚਾ ਭਾਵ ਯਿਸੂ ਮਸੀਹ ਜਿਹੜਾ ਖ਼ੁਦਾ ਦਾ ਬੇਟਾ ਹੈ, ਪਵਿੱਤਰ ਆਤਮਾ ਦੇ ਰਾਹੀਂ ਔਰਤ ਤੋਂ ਪੈਦਾ ਹੋਇਆ (ਲੂਕਾ 1:30-35; ਮੱਤੀ 1:18-23; ਉਤਪਤ 3:15; ਗਲਾਤੀਆਂ 4:4)। ਜੇ ਅਜ਼ਮਾਇਸ਼ ਵਿਚ ਪੈਣਾ ਅਤੇ ਪਾਪ ਔਰਤ ਦੀ ਸ਼ਰਮ ਹੈ, ਤਾਂ ਔਰਤ ਤੋਂ ਮੁਕਤੀਦਾਤੇ ਦਾ ਪੈਦਾ ਹੋਣਾ ਉਸ ਦੀ ਵਡਿਆਈ ਹੈ। ਜੇ ਔਰਤ ਦੇ ਰਾਹੀਂ ਮਨੁੱਖ ਜਾਤੀ ਵਿਚ ਪਾਪ ਆਇਆ, ਤਾਂ ਓਸੇ ਦੇ ਵਸੀਲੇ ਹੀ ਮੁਕਤੀਦਾਤਾ ਵੀ ਆਇਆ ਹੈ।[33]

ਇਸ ਕਰਕੇ ਆਦਮੀ ਵਾਂਗ ਹੀ, ਔਰਤ ਲਈ ਵੀ ਮਸੀਹ ਅਤੇ ਉਸ ਦੇ ਨੇਮ ਵੱਲ ਵੇਖਣਾ ਜ਼ਰੂਰੀ ਹੈ। ਇਨ੍ਹਾਂ ਖੂਬੀਆਂ ਵਿਚ ਬਣੇ ਰਹਿ ਕੇ ਉਹ ਉਸ ਵਿਚ ਬਚਾਏ ਜਾ ਸਕਦੇ ਹਨ:

(1) ''ਵਿਸ਼ਵਾਸ''-ਸ਼ਕਤੀ ਅਤੇ ਸੁਰੱਖਿਆ ਲਈ; ਇਬਰਾਨੀਆਂ 11:1; ਅਫ਼ਸੀਆਂ 6:16; 1 ਯੂਹੰਨਾ 5:4;

(2) ''ਪ੍ਰੇਮ''-ਕੁਰਬਾਨੀ ਭਰੀ ਸੇਵਾ ਲਈ; ਯੂਹੰਨਾ 15:13; 1 ਯੂਹੰਨਾ 3:16-18;

(3) ''ਪਵਿੱਤਰਤਾ''[34]-ਪੱਕੀ ਸੇਵਾ ਲਈ;

(4) ''ਸੰਜਮ''-ਸੇਵਾ ਵਿਚ ਆਪ ਨੂੰ ਕਾਬੂ ਵਿਚ ਰੱਖਣ ਲਈ।

ਇਸ ਸ਼ਾਨਦਾਰ ਮਾਪਦੰਡ ਵਿਚ ਰਹਿਣ ਅਤੇ ਇਸ ਦੇ ਮੁਤਾਬਕ ਸੇਵਾ ਕਰਨ ਵਾਲੀ ਭੈਣ ''ਮਸੀਹੀ'' ਨਾਂਅ ਅਪਣਾ ਕੇ ਚੰਗਾ ਕਰ ਰਹੀ ਹੈ (1 ਪਤਰਸ 4:14-16)।

ਅਧਿਆਇ 2 ਖ਼ੁਦਾ ਦੀ ਮਰਜ਼ੀ ਮੁਤਾਬਕ ਜ਼ਿੰਦਗੀ ਗੁਜ਼ਾਰਨ ਦੀ ਕਿੰਨੀ ਵਧੀਆ ਚੁਣੌਤੀ ਦਿੰਦਾ ਹੈ! ਤਿਮੋਥਿਉਸ ਵਾਂਗ, ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ''ਨਿਹਚਾ ਅਤੇ ਉਸ ਸ਼ੁੱਧ ਅੰਤਹਕਰਣ ਨੂੰ'' (1:19) ਫੜ੍ਹੀ ਰੱਖੀਏ। ਇਹ ਅਧਿਆਇ ਸਾਨੂੰ ਇਹ ਸਮਝਣ ਲਈ ਕਿ ਖ਼ੁਦਾ ਸਭ ਲੋਕਾਂ ਦੀ ਮੁਕਤੀ ਚਾਹੁੰਦਾ ਹੈ, ਪ੍ਰਾਰਥਨਾ ਭਰੀ ਬੇਨਤੀ ਨਾਲ ਸ਼ੁਰੂ ਹੋਇਆ ਸੀ, ਅਤੇ ਪੌਲੁਸ ਨੇ ਇਸ ਨੂੰ ਦਿਲ-ਟੁੰਬਵੀ ਸਮਾਪਤੀ ਨਾਲ ਖ਼ਤਮ ਕੀਤਾ ਕਿ ਸਭ ਲੋਕ ਕਿਵੇਂ ਬਚਾਏ ਜਾ

ਸਕਦੇ ਹਨ!

ਅਧਿਆਇ 3 ਬੜੇ ਵਧੀਆ ਢੰਗ ਨਾਲ ਸਾਨੂੰ ਪਰਿਪੱਕ ਲੋਕਾਂ ਦੀ ਅਗਵਾਈ ਨਾਲ ਖ਼ੁਦਾ ਦੀ ਯੋਜਨਾ ਦੱਸਦਾ ਹੈ। ਪ੍ਰਭੂ ਦੇ ਸਨਾਤਨ ਨੇਮ ਵਿਚ ਰਹਿਣ ਵਾਲੀ ਜ਼ਿੰਦਗੀ ਗੁਜ਼ਾਰਨ ਵਿਚ ਮਦਦ ਲਈ ਸਾਨੂੰ ਅਜਿਹੀ ਹੀ ਰਹਿਨੁਮਾਈ ਦੀ ਲੋੜ ਹੈ!

---

ਟਿੱਪਣੀਆਂ

[1]ਖ਼ੁਦਾ ਦੇ ਨਜ਼ਰੀਏ ਦਾ ਵੱਡਾਪਣ ਇਸ ਗੱਲ ਵਿਚ ਨਜ਼ਰ ਆਉਂਦਾ ਹੈ ਕਿ ਪੌਲੁਸ ਨੇ 1 ਤੋਂ 6 ਆਇਤਾਂ ਵਿਚ ''ਸਭ'' ਜਾਂ ''ਸਭਨਾਂ'' ਦੀ ਵਰਤੋਂ ਛੇ ਵਾਰ ਕੀਤੀ। ਖ਼ੁਦਾ ਦਾ ਟੀਚਾ ਅਤੇ ਦਰਸ਼ਣ ਸਾਨੂੰ *ਸਾਰੀ* ਭਗਤੀ ਅਤੇ ਗੰਭੀਰਤਾ ਚਾਹੁੰਦਿਆਂ *ਸਭ* ਲੋਕਾਂ ਲਈ ਦੁਆ ਕਰਨ ਦਾ ਸੁਝਾਅ ਦਿੰਦਾ ਹੈ, ਕਿਉਂਕਿ ਖ਼ੁਦਾ ਚਾਹੁੰਦਾ ਹੈ ਕਿ *ਸਭ* ਲੋਕ ਬਚਾਏ ਜਾਣ ਅਤੇ ਸੱਚਾਈ ਨੂੰ ਜਾਣਨ, ਕਿਉਂਕਿ ਉਸ ਨੇ *ਸਭ* ਦੇ ਛੁਟਕਾਰੇ ਲਈ ਆਪਣਾ ਪੁੱਤਰ ਦੇ ਦਿੱਤਾ! [2]ਬੇਨਤੀ (ਯੂ.: *deesis*)-''ਮੰਗਣਾ, ਪੁੱਛਣਾ, ਮਿੰਨਤ। ... ਅਰਜ਼, ਫ਼ਰਿਆਦ'' (ਅਡਵਡ ਰੋਬਿੰਨਸਨ, *ਏ ਗ੍ਰੀਕ ਐਂਡ ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਸ, 1863], 158); ''ਕੰਨਟੇਕਸਚੁਅਲੀ ਆਫ਼ ਪ੍ਰੇਅਰਸ਼ ਇੰਪਲੋਰਿੰਗ ਗਾਡ'ਸ ਏਡ ਇਨ ਸਮ ਪਰਟਿਕੁਲਰ ਮੈਟਰ'' (ਸੀ. ਜੇ. ਵਿੱਲਕੇ ਐਂਡ ਵਿਲਿਬਲਡ ਗ੍ਰਿਮ, *ਏ ਗ੍ਰੀਕ ਐਂਡ ਇੰਗਲਿਸ਼ ਲੈਕਸਿਕਨ ਆਫ਼ ਦਾ ਨਿਊ ਟੈਸਟਾਮੈਂਟ,* ਅਨੁਵਾਦ ਤੇ ਸੋਦ ਜੋਸੇਫ਼ ਐਚ. ਥੇਅਰ [ਏਡਿਨਬਰਗ, ਸਕਾਟਲੈਂਡ: ਟੀ. ਐਂਡਟੀ. ਕਲਾਰਕ, 1901; ਰੀਪ੍ਰਿੰਟ ਜ਼ਿਲਦ, ਗ੍ਰੈਂਡ ਰੈਪਿਡਸ, ਮਿਸਿਗਨ: ਬੇਕਰ ਬੁੱਕ ਹਾਊਸ, 1977], 126)। [3]ਦੁਆ (ਯੂ.: *proseuchomai*)- ''ਖ਼ੁਦਾ ਅੱਗੇ ਦੁਆ ਜਾਂ ਸੁੱਖਣਾ ਕਰਨਾ'' (ਰੋਬਿੰਨਸਨ, 628)। [4]ਅਰਜੋਈ (ਯੂ.: *enteuxis*)-''ਦੇ ਨਾਲ ਡਿੱਗਣਾ, ਨਾਲ ਮਿਲਨਾ; ਗੱਲਬਾਤ ... ਚਰਚਾ ਜਾਂ ਗੱਲਬਾਤ ... ਫ਼ਰਿਆਦ'' (ਥੇਅਰ, 218)। [5]ਵਿਲੀਅਮ ਬਾਰਕਲੇ, *ਦ ਲੈਟਰਜ਼ ਟੂ ਤਿਮੋਥੀ, ਟਾਈਟਸ ਐਂਡ ਫ਼ਿਲੇਮਨ,*ਦ ਡੇਅਲੀ ਸਟਡੀ ਬਾਈਬਲ ਸੀਰੀਜ਼ (ਫਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1960), 66. [6]ਸ਼ੁਕਰਗੁਜ਼ਾਰੀ (ਯੂ.: *eucharistia*)-''...ਪੂਰੀ ਸ਼ੁਕਰਗੁਜ਼ਾਰੀ ਨਾਲ ... ਧੰਨਵਾਦ ਕਰਨਾ ... ਸ਼ੁਕਰਗੁਜ਼ਾਰੀ ਨਾਲ ਭਰ ਕੇ ... ਧੰਨਵਾਦ ਨਾਲ ਭਰਨਾ, 2 ਕੁਰਿੰ. 4:15'' (ਵਾਲਟਰ ਬਾਊਰ, *ਏ ਗ੍ਰੀਕ ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਜ਼ਿਲਦ ਦੂਜੀ, ਸ਼ੋਦ ਵਿਲਿਅਮ ਐਫ਼ ਅਰੰਡਟ ਐਂਡ ਐਫ਼ ਵਿਲਿਬਰ ਗਿੰਗਰਿਕ [ਸ਼ਿਕਾਗੋ: ਯੂਨਿਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1957], 328-29)। [7]ਬਾਰਕਲੇ, 68. [8]ਚੈਨ (ਯੂ.: *eremos*)-''ਸ਼ਾਂਤ, ਚੈਨ'' (ਰੋਬਿਨਸਨ, 326)। [9]ਚੈਨ (ਯੂ.: *esuchazo*)-''ਪੱਕਾ, ਚੈਨ ਵਿਚ ... ਥਾਂ ਜਾਂ ਲੋਕਾਂ ਦਾ ਸ਼ਾਂਤ ਹੋਣਾ ... ਮੇਹਨਤ ਜਾਂ ਕੰਮ ਤੋਂ ਅਰਾਮ ਕਰਨਾ ... ਸ਼ਾਂਤ ਹੋਣਾ'' (ਰੋਬਿਨਸਨ, 327)। [10]ਗੰਭੀਰਤਾਈ (ਯੂ.: *semnotes*)-''... ਸ਼ਰਧਾ, ਜਾਂ ਸਨਮਾਨ, ਮਰਿਆਦਾ, ਸ਼ਾਂਤ ਪਵਿੱਤਰਤਾ ... ਆਦਰ ... ਸ਼ੁੱਧਤਾ'' (ਥੇਅਰ, 573)।

[11]ਬਾਰਕਲੇ, 71. [12]ਵਿਚੋਲਾ (ਯੂ.: *mesiteuo*)-''ਝਗੜਾ ਕਰ ਰਹੇ ਜਾਂ ਕਰਾਰ ਕਰ ਰਹੇ ਧਿਰਾਂ ਦਰਮਿਆਨ ਵਿਚੋਲੇ ਦੇ ਰੂਪ ਵਿਚ ਕੰਮ ਕਰਨਾ ... ਦੋ ਧਿਰਾਂ ਵਿਚ ਪੈ ਕੇ ਕੁਝ ਹਾਸਲ ਕਰਨਾ ... ਸੋ *mesiteuo* ਆਪਣੇ ਆਪ ਨੂੰ ਦੇਣ ਲਈ ਭਾਵ ਜਾਮਣ ਠਹਰਾਉਣ ਦਾ ਸਬੂਤ ਹੈ'' (ਥੇਅਰ, 401)। [13]ਕਾਸ਼ ਮਰੀਅਮ ਦੇ ਸਬੰਧ ਵਿਚ ਕੀਤੀਆਂ ਗਈਆਂ ਕੁਝ ਲੋਕਾਂ ਦੀਆਂ ਗਲਤੀਆਂ ਉਨ੍ਹਾਂ ਜਲਾਲੀ ਫ਼ਾਇਦਿਆਂ ਨੂੰ ਘੱਟ ਨਾ ਕਰ ਦੇਣ ਜਿਹੜੇ ਖ਼ੁਦਾ ਅੱਗੇ ਸਾਨੂੰ ਮਿਲੇ ਹਨ, ਕਿਉਂਕਿ ਸਾਡਾ ਵਿਚੋਲਾ ਉਹ ਹੈ (ਯੂਹੰਨਾ 14:1-6; 16:23, 24; 1 ਯੂਹੰਨਾ 2:1-3)। ਮਸੀਹ ਨੇ ਸਾਡੇ ਲਈ ਕਿੰਨੀ ਵਧੀਆ ਗੱਲ ਕੀਤੀ ਹੈ। ''ਮੂਲ ਤੋਂ ਇਹ ਸ਼ਬਦ ਸਿਰਫ਼ ਉਸੇ ਦਾ ਸੰਕੇਤ ਦਿੰਦਾ ਹੈ ਜਿਹੜਾ 'ਦਰਮਿਆਨ' ਖੜਾ ਹੁੰਦਾ ਹੈ ... ਮਸੀਹ ਹੀ ਹੈ ਜਿਸ ਨੇ ਆਪਣੀ ਮਰਜ਼ੀ ਨਾਲ ਖ਼ੁਦਾ ਦੇ ਜਿਸ ਦਾ ਜੁਰਮ ਕੀਤਾ ਗਿਆ ਸੀ ਅਤੇ ਪਾਪੀ ਦੇ, ਜਿਸ ਨੇ ਜੁਰਮ ਕੀਤਾ ਸੀ, ਦਰਮਿਆਨ ਖੜਾ ਹੁੰਦਾ ਹੈ ਤਾਂ ਜੋ ਆਪਣੇ ਉੱਤੇ ਖ਼ੁਦਾ ਦਾ ਉਹ ਕਹਿਰ ਲੈ ਲਵੇ ਜਿਸ ਦਾ ਹੱਕਦਾਰ ਉਹ ਪਾਪੀ ਹੈ, ਅਤੇ ਪਾਪੀ ਨੂੰ ਛੁਡਾ ਲਵੇ। ... ਪੂਰਾ ਸੰਦਰਭ *ਮੁਕਤੀ* (ਆਇਤ 4) ਅਤੇ *ਛੁਟਕਾਰੇ ਦੇ ਕੰਮ* ਦੇ ਰੂਪ ਵਿਚ ਮਸੀਹ ਨੂੰ ਵਿਖਾਉਂਦਾ ਹੈ (ਆਇਤ 6 ਤੇ ਵੇਖੋ)। ਗਲਾਤੀਆਂ 3:13 ਵਿਚ ਇਕ ਹੈਰਾਨ ਕਰਨ ਵਾਲੀ ਵਿਆਖਿਆ ਮਿਲਦੀ ਹੈ, 'ਮਸੀਹ ਨੇ ਜਿਹੜਾ ਸਾਡੇ *ਲਈ* ਜਾਂ *ਉੱਤੇ* ' ਸਰਾਪੀ ਬਣਿਆ, ਸਾਨੂੰ ਮੁਲ ਲੈ ਕੇ ਸ਼ਰ੍ਹਾ ਦੇ ਸਰਾਪ ਤੋਂ ਛੁਡਾਇਆ। 'ਪਰ ਇਸ ਆਇਤ ਵਿਚ ਮੁਕਤੀ ਦਾਤੇ

ਨੂੰ ਸਾਡੇ *ਉੱਪਰ* ਅਰਥਾਤ ਸਾਡੇ ਅਤੇ ਸ਼ਰ੍ਹਾ ਦੇ *ਦਰਮਿਆਨ* ਖੜੇ ਵਿਖਾਇਆ ਗਿਆ ਹੈ, ਤਾਂ ਜੋ ਸਰਾਪ ਉਸ ਉੱਤੇ ਆ ਪਵੇ ਅਤੇ ਅਸੀਂ ਬਚਾਏ ਜਾਈਏ ਪਰ ਵਿਚੋਲੇ ਦੀ ਵਿਚਾਰਧਾਰਾ ਵੱਧ ਵਿਆਪਕ ਹੈ।' ਨਾ ਸਿਰਫ਼ ਮਸੀਹ ਇਸ ਤਰ੍ਹਾਂ ਖ਼ੁਦਾ ਨਾਲ ਪਾਪੀਆਂ ਦੇ ਸਬੰਧ ਨੂੰ ਸੁਧਾਰਦਾ ਹੈ ਬਲਕਿ ਉਹ ਉਨ੍ਹਾਂ ਨੂੰ 'ਸੱਚਾਈ *ਦਾਗਿਆਨ*' ਵੀ ਦਿੰਦਾ ਹੈ (ਆਇਤ 4); ਅਤੇ ਉਨ੍ਹਾਂ ਦੇ ਰਾਹੀਂ ਇਸ ਜਲਾਲੀ ਸੱਚਾਈ ਦੀ *ਸਾਖੀ* ਦਿੰਦਾ ਹੈ (ਆਇਤ 6)। ਇਸ ਤਰ੍ਹਾਂ ਲੋਕਾਂ ਨੂੰ ਇਹ ਸਮਝਾਉਂਦਿਆਂ ਕਿ ਉਹ ਖੁਸ਼ਖ਼ਬਰੀ ਨੂੰ ਮੰਨ ਲੈਣ, ਉਹ *ਸ਼ਾਂਤੀ ਬਹਾਲੀ ਵੀ ਕਰਦਾ ਹੈ ਅਤੇ ਮਨੁੱਖਾਂ ਉੱਤੇ ਪਰਗਟ ਵੀ ਕਰਦਾ ਹੈ।* ਉਹ *ਦੋਹਰੇ ਅਰਥ* ਵਿਚ ਵਿਚੋਲੇ ਦੇ ਰੂਪ ਵਿਚ ਪਰਗਟ ਹੁੰਦਾ ਹੈ,'' (ਵਿਲੀਅਮ ਹੈਂਡਰਿਕਸਨ, *ਏ ਕਮੈਂਟਰੀ ਆਨ 1 ਐਂਡ 2 ਤਿਮੋਥੀ ਐਂਡ ਟਾਈਟਸ [* ਲੰਦਨ: ਦ ਬੈਨਰ ਆਫ਼ ਟ੍ਰਸਟ, 1964 *]*, 97-98). [14]ਇਹ ਤੱਥ ਕਿ ਕ੍ਰਿਆ ਦੇ ਅਨੁਵਾਦ ''ਥਾਪਿਆ'' (ਯੂ.: *tithemi* ਤੋਂ *etethen*) ਕਰਮਵਾਚ ਵਿਚ ਹੋਣ ਦਾ ਅਰਥ ਇਹ ਹੈ ਕਿ ਪੌਲੁਸ ਨੂੰ ਇਹ ਜਲਾਲੀ ਕੰਮ ਸੌਂਪਿਆ ਗਿਆ ਸੀ। ਉਸ ਨੇ ਇਹ ਕੰਮ ਆਪਣੇ ਆਪ ਨਹੀਂ ਲਿਖਿਆ ਸੀ। ਜਦ ਤਕ ਖ਼ੁਦਾ ਸਾਨੂੰ ਕੋਈ ਕੰਮ ਨਹੀਂ ਸੌਂਪਦਾ ਜਾਂ ਦਿੰਦਾ ਤਦ ਤਕ ਅਸੀਂ ਆਪਣੇ ਆਪ ਵਿਚ ਕੁਝ ਨਹੀਂ ਕਰ ਸਕਦੇ (ਵੇਖੋ ਅਫ਼ਸੀਆਂ 2:10; ਯੂਹੰਨਾ 15:5; ਫ਼ਿਲਿੱਪੀਆਂ 2:12, 13)। [15]ਪ੍ਰਚਾਰ ਕਰਨ ਵਾਲਾ (ਯੂ.: *kerux*)-''ਸਰਕਾਰੀ ਇਖ਼ਤਿਆਰ ਨਾਲ ਐਲਾਨ ਕਰਨ ਵਾਲਾ, ਦੂਤ ਜਿਹੜਾ ਰਾਜਿਆਂ, ਜੱਜਾਂ, ਰਾਜਕੁਮਾਰਾਂ, ਫ਼ੌਜ ਦੇ ਸੂਬੇਦਾਰਾਂ ਦਾ ਸਰਕਾਰੀ ਸੁਨੇਹਾ ਲੈ ਕੇ ਜਾਂਦਾ ਸੀ, ਜਾਂ ਜਿਹੜਾ ਸਰਕਾਰੀ ਸੰਮਣ ਜਾਂ ਦਾਅਵਾ ਦਿੰਦਾ ਸੀ ਦਿੰਦਾ ਸੀ ਅਤੇ ਹੋਰ ਕਈ ਕੰਮ ਕਰਦਾ ਸੀ। ... ਖ਼ੁਦਾ ਦਾ ਦੂਤ ਅਤੇ ਇਲਾਹੀ ਵਚਨ ਦੀ ਮੁਨਾਦੀ ਕਰਨ ਵਾਲਾ ਜਾਂ ਸੁਨਾਉਣ ਵਾਲਾ'' (ਥੇਅਰ, 346)। [16]ਰਸੂਲ (ਯੂ.: *apostolos*)-''ਨੁਮਾਇੰਦਾ, ਦੂਤ, ਫ਼ਰਮਾਨ ਦੇ ਕੇ ਭੇਜਿਆ ਗਿਆ'' (ਥੇਅਰ, 68)। [17]ਮਸੀਹ ਦੇ ਕੰਮ ਨੂੰ ਬੜਾ ਨੁਕਸਾਨ ਹੋਇਆ ਹੈ ਕਿਉਂਕਿ ਕੁਝ ਲੋਕ ਲੋਕਾਂ ਦੇ ਜਜ਼ਬਾਤਾਂ ਨੂੰ ਛੂਣ ਵਾਲੀ ਖੁਸ਼ਖ਼ਬਰੀ ਸੁਨਾਉਣ ਲਈ ਚੰਗੀ ਤਰ੍ਹਾਂ ਤਿਆਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਸ ਅਖਤਿਆਰ ਦੇ ਅੱਗੇ ਸਮਰਪਣ ਨਾ ਕਰਵਾਇਆ (ਵੇਖੋ ਲੂਕਾ 6:46; ਜਿਸ ਦਾ ਕਾਰਣ ਬੇਕਾਬੂ ਕੰਮ ਸੀ), ਜਦ ਕਿ ਹੋਰਨਾਂ ਨੇ ਚੰਗੀ ਤਰ੍ਹਾਂ ਸਿਖਾਉਣ ਦੇ ਬਾਵਜੂਦ ਕਿਸੇ ਨੂੰ ਕੰਮ ਕਰਨ ਅਤੇ ਲੋੜੀਂਦੇ ਜਜ਼ਬਾਤ ਰੱਖਣ ਦਾ ਸੁਨੇਹਾ ਦੇ ਕੇ ਕਦੇ ਰੋਮਾਂਚਿਤ ਨਹੀਂ ਕੀਤਾ (ਵਿਦਿਆਰਥੀਆਂ ਨੂੰ *ਜਾਣੂ* ਕਰਵਾ ਕੇ ਪਰ ਉਨ੍ਹਾਂ ਨੂੰ ਇੰਜੀਲ ਨੂੰ ਐਨੀ ਤਾਂਗ ਨਾਲ ਸੁਨਾਉਣ ਲਈ *ਲਾਪਰਵਾਹੀ* ਵਰਤੀ ਜਿਸ ਨਾਲ ਹੋਰ ਲੋਕਾਂ ਨੂੰ ਪਤਾ ਲਗ ਸਕਦਾ)। *ਸ਼ਰ੍ਹਾ ਪਰਸਤੀ* ਅਤੇ *ਅਧੀਨਵਾਦ* ਆਮ ਤੌਰ ਤੇ ਖੁਸ਼ਖ਼ਬਰੀ ਲੈ ਕੇ ਆਉਣ ਵਾਲੇ ਦਾ ਢੰਗ ਹੋ ਸਕਦਾ ਹੈ। ਸ਼ਰ੍ਹਾ ਪਰਸਤੀ ਲੋਕ ਸਖ਼ਤ ਤਾਂ ਹੋ ਸਕਦੇ ਹਨ ਪਰ ਨਾਂ ਤਾਂ ਉਹ ਅਨੰਦ ਕਰ ਸਕਦੇ ਹਨ ਅਤੇ ਨਾਂ ਧਰਮੀ ਠਹਿਰ ਸਕਦੇ ਹਨ। ਅਧੀਨਵਾਦ ਨਾਲ ਆਤਮਾ ਉੱਤੇਜਿਤ ਤਾਂ ਹੋ ਜਾਵੇ ਪਰ ਕੁਝ ਦੇਰ ਅੱਥਰੂ ਵਹਾਉਣ ਜਾਂ ਰੋਮਾਂਚਿਤ ਹੋਣ ਤੇ ਉਸ ਦੇ ਮਾਪਦੰਡ ਨੂੰ ਮੰਨ ਕੇ ਸੱਚਾਈ ਨਾਲ ਜ਼ਿੰਦਗੀ ਦਾ ਅਸਲ ਵਿਚ ਬਦਲ ਨਾ ਹੋਵੇ! ਖ਼ੁਦਾ ਸਾਡੀ ਮਦਦ ਕਰੇ ਕੀ ਸਾਡੇ ਕੋਲ ਹੋਰ ਅਜਿਹੇ ਪ੍ਰਚਾਰਕ ਹੋਣ ਜਿਹੜੇ ਯਿਸੂ ਅਤੇ ਪੌਲੁਸ ਰਾਹੀਂ ਆਪਣੀਆਂ ਸੇਵਕਈਆਂ ਵਿਚ ਵਿਖਾਏ ਗਏ ਸੰਤੁਲਨ ਨੂੰ ਬਣਾਈ ਰੱਖਣ। [18]ਇੱਥੇ ਵਰਤਿਆ ਗਿਆ ਖਾਸ਼ ਸ਼ਬਦ ''ਪੁਰਖ'' (ਯੂ.: *aner*) ਆਇਤ 9 ਵਿਚ ਔਰਤਾਂ (*gunaikas*) ਦੇ ਉਲਟ ਆਦਮੀ ਲਈ (ਆਮ ਸ਼ਬਦ *anthropos* ਦੀ ਥਾਂ) ਹੈ। ਥੇਅਰ ਨੇ *aner* ਦੀ ਪਰਿਭਾਸ਼ਾ ਔਰਤ ਨਾਲੋਂ ਆਦਮੀ ਦਾ ਫ਼ਰਕ ਕਰਦਿਆਂ (ੳ) *ਪੁਰਖ*-ਰਸੂਲਾਂ ਦੇ ਕੰਮ 8:12; 17:12; 1 ਤਿਮੋਥਿਉਸ 2:12 ਅਤੇ (ਅ) *ਪਤੀ* ਲਈ ਕੀਤੀ-ਮੱਤੀ 1:16; ਮਰਕੁਸ 10:2; ਯੂਹੰਨਾ 4:16; ਰੋਮੀਆਂ 7:2; 1 ਕੁਰਿੰਥੀਆਂ 7:2 (ਥੇਅਰ, 45)। ਪਰ ਥੇਅਰ ਨੇ ਇਕ ਕੁਰਿੰਥੀਆਂ 1 ਕੁਰਿੰਥੀਆਂ 13:11; ਅਫ਼ਸੀਆਂ 4:13; ਯਾਕੂਬ 3:2 ਨੂੰ ਜੋੜਦਿਆਂ ਹੋਰ ਜੋੜਿਆ ਕਿ ਇਹ ''ਇਕ ਬਾਲਗ ਆਦਮੀ ਨੂੰ ਕਿਸੇ ਮੁੰਡੇ ਨਾਲੋਂ ਵੱਖ ਕਰਦਾ-ਮੱਤੀ 14:21; 15:38.'' ਥੇਅਰ ਨੇ ਕੁਝ ਹੋਰ ਹਵਾਲੇ ਜਿੱਥੇ ਇਸ ਸ਼ਬਦ ਨੂੰ ਸਾਫ਼ ਤੌਰ ਤੇ ਆਦਮੀਆਂ ਅਤੇ ਔਰਤਾਂ ਦੋਹਾਂ ਲਈ ਵਰਤਿਆ ਜਾ ਸਕਦਾ ਹੈ (ਵੇਖੋ ਮੱਤੀ 14:35; ਲੂਕਾ 11:31; ਯੂਹੰਨਾ 1:20)। ਇਸ ਆਇਤ ਤੇ ਝਗੜਾ ਹੋਣ ਅਤੇ ਇਸ ਆਇਤ ਦੇ ਸ਼ਬਦ ਨੂੰ ਇਹ ਸਾਬਤ ਕਰਨ ਲਈ ਕਿ ਔਰਤਾਂ ਦੁਆ ਵਿਚ ਅਗਵਾਈ ਨਹੀਂ ਕਰ ਸਕਦੀਆਂ, ਕੋਈ ਬਹੁਤਾ ਹੀ ਅੱਗੇ ਨਿੱਕਲ ਜਾਂਦਾ ਹੈ। ਜੇ ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਉਹ ਦੁਆ ਵਿਚ ਅਗਵਾਈ ਨਹੀਂ ਕਰ ਸਕਦੀਆਂ, ਤਾਂ ਉਹ ''ਸਭਨੀ ਥਾਂਈ'' ਦੁਆ ਵਿਚ ਅਗਵਾਈ ਨਹੀਂ ਕਰ ਸਕਦੀਆਂ। ਅਸਲ ਵਿਚ ਪੌਲੁਸ ਨੇ ''ਦੁਆ ਵਿਚ ਅਗਵਾਈ'' ਨਹੀਂ ਲਿਖਿਆ। ਉਸ ਨੇ ਤਾਂ ਸਿਰਫ਼ ''*proseuchesthai tous andras en panti topo*'' ਪੁਰਖ ਹਰ ਥਾਂ ਦੁਆ ਕਰਨ। ਜੇ *andras* ਦਾ ਅਰਥ ਸਿਰਫ਼ ਸਿੱਧਾ ਹੁੰਦਾ ਤਾਂ ਆਦਮੀ ਅਜਿਹਾ ਕਰ ਸਕਦੇ ਹਨ (ਪੌਲੁਸ ਨੇ *ਸਿਰਫ਼* ਨਹੀਂ ਜੋੜਿਆ), ਤਾਂ *ਸਿਰਫ਼* ਪੁਰਖ ਦੁਆ ਕਰ ਸਕਦੇ ਹਨ, ਦੁਆ ਹੀ, ਸਮੇਂ ਤੋਂ ਔਰਤਾਂ ਨੂੰ ਪੂਰੀ ਤਰ੍ਹਾਂ ਕਢਦੇ ਹੋਏ। ਅਜਿਹਾ ਵਿਚਾਰ ਬਾਈਬਲ ਦੀ ਸਿੱਖਿਆ ਦੇ ਉਲਟ ਹੈ ਅਤੇ ਹੋਰਨਾਂ ਦੇ ਸੁਣਨ ਲਈ ਬੇਨਤੀ ਕਰਨ ਦਾ ਕਰਜੀ-ਲੇਮੈਨ-ਇਕਰਾਰ ਵਾਲਾ ਕਮਰਾ ਦੇ ਸਿਰਫ਼ ਆਦਮੀਆਂ ਲਈ ਹੀ ਹੋਣ ਦੀ ਸਿੱਖਿਆ ਨੂੰ ਵਧਾਵਾ ਦਿੰਦਾ ਹੈ। ਬਾਈਬਲ ਸਿਖਾਉਂਦੀ ਹੈ ਕਿ ਬੰਦਗੀ ਅਤੇ

ਅਧਿਐਨ ਲਈ ਔਰਤਾਂ ਸਮੂਹ ਵਿਚ ਇਕੱਠੀਆਂ ਹੋ ਸਕਦੀਆਂ ਹਨ (ਰਸੂਲਾਂ ਦੇ ਕੰਮ 16:13-15)। ਮਸੀਹ ਵਿਚ ਹੋਣ ਵਾਲੀਆਂ ਔਰਤਾਂ ਯਕੀਨੀ ਤੌਰ ਤੇ ਦੁਆ ਕਰ ਸਕਦੀਆਂ ਹਨ (ਰਸੂਲਾਂ ਦੇ ਕੰਮ 12:5, 12; 21:5; 1 ਕੁਰਿੰਥੀਆਂ 11:5; ਲੂਕਾ 2:36-38)। ਉਨ੍ਹਾਂ ਦਾ ਵੀ ਵਿਚੋਲਾ ਉਹੀ ਹੈ ਜਿਹੜਾ ਆਦਮੀਆਂ ਦਾ ਹੈ (ਧਿਆਨ ਦਿਓ ਕਿ ਪੌਲੁਸ ਨੇ 1 ਤਿਮੋਥਿਉਸ 2:5 ਵਿਚ *anthropos* ਸ਼ਬਦ ਵਰਤਿਆ, ਜੋ ਕਿ ਆਮ ਸ਼ਬਦ ਹੈ)। ਔਰਤਾਂ ਦੇ ''ਦੁਆ ਵਿਚ ਅਗਵਾਈ ਕਰਨ'' ਦੇ ਬਾਰੇ ਖ਼ਾਸ ਕਾਰਕ ਉਹੀ ਹੈ ਜਿਹੜਾ ਔਰਤਾਂ ਦੇ ਇੰਜੀਲ ਦੇ ਪ੍ਰਚਾਰਕਾਂ ਜਾਂ ਐਲਡਰਾਂ ਦੇ ਰੂਪ ਵਿਚ ਸੇਵਾ ਕਰਨ ਨਾਲ ਸਬੰਧਿਤ ਹੈ। ਇਨ੍ਹਾਂ ਸਭ ਗੱਲਾਂ ਵਿਚ ਦਿੱਕਤ ਇਹੀ ਹੈ ਕਿ ਔਰਤ ਇਸ ਸੇਵਾ ਨੂੰ *ਅਧੀਨ* ਹੋ ਕੇ ਨਹੀਂ ਕਰ ਸਕਦੀ ਜਿਸ ਦਾ ਹੋਰ ਵਿਸਤਾਰ 11 ਤੋਂ 15 ਆਇਤਾਂ ਵਿਚ ਕੀਤਾ ਜਾਵੇਗਾ। ਕੁਝ ਅਜਿਹੀਆਂ ਥਾਂਵਾਂ ਹਨ ਜਿੱਥੇ ਔਰਤਾਂ ''ਦੁਆ ਵਿਚ ਅਗਵਾਈ'' ਕਰ ਸਕਦੀਆਂ ਹਨ, ਜਿਵੇਂ ਮਿਲੇ ਜੁਲੇ ਸੁਣਨ ਵਾਲੇ, ਜੋ ਅਜਿਹਾ ਵਾਕ ਅੰਸ਼ ਹੈ ਜਿਸ ਨੂੰ ਅਧੀਨਤਾ ਵਿਚ ਰਹਿੰਦੀਆਂ ਮੰਨ ਕੇ ਅੱਜ ਤਕ ਮਿਲਿਆ ਹੈ। ਉਹ ਤੱਤ ਪੌਲੁਸ ਦੇ *andras* ਦੀ ਵਰਤੋਂ ਕਰਨ ਦਾ ਕਾਰਣ ਬਣਦਾ ਹੈ, ਕਿਉਂਕਿ ਉਸ ਨੇ ''ਸਭ ਥਾਂ'' ਦਾ ਉਪਸਰਗੀ ਵਾਕ ਅੰਸ਼ ਜੋੜਿਆ। ਪਰ ਪੌਲੁਸ ਦੀ ਦਿਲਚਸਪੀ ਇਸ ਆਹਿਤ ਵਿਚ ਔਰਤਾਂ ਦੀ ਇਹ ਮਦਦ ਕਰਨ ਵਿਚ ਸੀ ਕਿ ਔਰਤਾਂ ਦੀ ਦੁਆ ਵਾਲੀ ਜ਼ਿੰਦਗੀ ਵਿਚ ਕੋਈ ਨਿਯਮ ਨਾ ਬਣਾਵੇ! [19]ਪਵਿੱਤਰ (ਯੂ.: *hosios*)-''... ਸ਼ੁੱਧ ... ਸਹੀ, ਖ਼ੁਦ ਅਤੇ ਉਸ ਦੇ ਨਿਯਮਾ ਨਾਲ ਮੇਲ ਖਾਂਦਾ ... ਭਗਤੀ ਭਰਿਆ, ਪਵਿੱਤਰ, ਖ਼ੁਦਾ ਪ੍ਰਤੀ ਸਭ ਫ਼ਰਜ਼ਾਂ ਤੋਂ ਜਾਣੂ'' (ਰੋਬਿਨਸਨ, 520)। ''ਖ਼ੁਦਾ ਨੂੰ ਭਾਉਣ ਵਾਲਾ ... ਪਵਿੱਤਰ ਅਤੇ ਨਿਹਕਲੰਕ ਮਕਸੱਦ ਨਾਲ ਖ਼ੁਦਾ ਦੀ ਸੇਵਾ ਕਰਨਾ'' (ਅਰੰਡਟ ਐਂਡ ਗਿੰਗਰਿਕ, 589)। [20]ਕ੍ਰੋਧ (ਯੂ.: *orge*)-''ਜੋਸ਼ ਕਰਕੇ ਸੁਭਾਅ ਜਾਂ ਚਰਿੱਤਰ ... ਮਨ ਦੀ ਕੋਈ ਵੀ ਹਿੰਸਕ ਹਲਚੱਲ, ਗੁੱਸਾ, ... ਬਦਲਾ ਲੈਣ ਦੀ ਇੱਛਾ, ਸਜ਼ਾ'' (ਰੋਬਿਨਸਨ, 514)।

[21]ਝਗੜਾ (ਯੂ.: *dialogismos*)-''ਜਾਣ ਬੁਝ ਕੇ, ਜੋ ਸਹੀ ਹੋਵੇ ਉਸ ਤੇ ਸਵਾਲ ਕਰਨਾ, ਹਿਚਕਿਚਾਹਟ, ਸ਼ਕ ਕਰਨਾ'' (ਥੇਅਰ, 139); ''ਜਿਸ ਵਿਚ ਮਾੜਾ ਮਕਸੱਦ ਹੋਵੇ'' (ਜੀ. ਐਬਟ-ਸਮਿਥ, *ਏ ਮੈਨੁਅਲ ਗ੍ਰੀਕ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ [*ਏਡਿੰਨਬਰਗ, ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1948*]*, 109); ''... ਬੁਰੇ ਖਿਆਲ ... ਭਰਸ਼ਟ ਫੈਸਲੇ ਦੇਣ ਵਾਲੇ ਜੱਜ ... ਬਹਿਸ'' (ਅਰੰਡਟ ਐਂਡ ਗਿੰਗਰਿਕ, 185)। [22]ਸਵਾਰਨ (ਯੂ.: *kosmeo*)-''ਟਬ ਸਿਰ ਲਾਉਣਾ, ਪ੍ਰਬੰਧ ਕਰਨਾ, ਤਿਆਰ ਕਰਨਾ ... ਸਜਾਉਣਾ, ... ਸੁਚੱਜੇ ਢੰਗ ਨਾਲ ਲਾਉਣਾ, ਤਰਤੀਬਵਾਰ, ਸੁਹਾਉਣਾ, ਸਲੀਕੇ ਨਾਲ ਰਹਿਣ ਵਾਲੇ ਆਦਮੀ ਲਈ ...'' (ਥੇਅਰ, 356); ''... ਰੋਹਾਨੀ, ਧਾਰਮਿਕ, ਨੈਤਿਕ ਤੌਰ ਤੇ ਖ਼ੂਬਸੂਰਤ ਜਾਂ ਆਕਰਸ਼ਕ ਬਨਾਉਣਾ ... ਸਜਾਉਣਾ, ਸੇਹਰਾ ਦੇਣਾ'' (ਅਰੰਡਟ ਐਂਡ ਗਿੰਗਰਿਕ, 446)। [23]ਭਾਰਾ ਮੁੱਲ (ਯੂ.: *poluteles*)-''ਕੀਮਤੀ ... ਬਹੁਤ ਕੀਮਤ ਵਾਲਾ, ... ਬਹੁਤ ਮਹਿੰਗਾ, ... ਬੇਹਤਰੀਨ, ਜਾਂ ਬਹੁਤ ਅਹਿਮੀਅਤ ਵਾਲਾ'' (ਥੇਅਰ, 530)। ਵਾਲ ਗੁੰਦਨ, ਸੋਨੇ ਜਾਂ ਮੋਤੀਆਂ ਦੇ ਨਕਾਰਾਤਮਕ ਵਾਕ ਨੂੰ ਕਿਸੇ ਦੇ ਵਾਲ ਗੁੰਦਨ ਜਾਂ ਸੋਨਾ ਜਾਂ ਮੋਤੀ ਪਾਉਣ ਤੋਂ ਮੰਨਾ ਕਰਨ ਦੇ ਅਰਥ ਵਿਚ ਨਹੀਂ ਲਿਆ ਜਾਣਾ ਚਾਹੀਦਾ। ਪੌਲੁਸ ਦੀ ਭਾਸ਼ਾ ਨੂੰ ਧਿਆਨ ਨਾਲ ਪੜੋ। ਇਹ ਏਸ਼ਿਆਈ ਸਭਿਅਤਾ ਦੀ ਅਲੰਕਾਰਕ ਭਾਸ਼ ਹੈ ਜਿਸ ਵਿਚ ਨਕਾਰਾਤਮਕ (''ਨਹੀਂ'') ਅਤੇ ਤਸਦੀਕ। ''ਪਰ'' ਦੇ ਨਾਲ ਤੁਲਨਾ ਕੀਤੀ ਜਾਂਦੀ ਹੈ। ਕ੍ਰਿਆ ਵਿਸ਼ੇਸ਼ਣ ਸ਼ਬਦ ''ਨਾ'' ਦੀ ਵਰਤੋਂ ਇਨਕਾਰ ਲਈ ਜਦਕਿ ਸੰਯੋਜਲਕ ਸ਼ਬਦ ''ਕਿਉਂਕਿ'' ਤਸਦੀਕ ਕਰਨ ਲਈ ਵਰਤਿਆ ਗਿਆ ਹੈ। ਕਿਸੇ ਚੀਜ਼ ਦਾ ਸੰਯੋਜਨ ਦੇ ਬਾਅਦ ਆਉਣ ਵਾਲੇ ਸ਼ਬਦ ਦੀ ਤਸਦੀਕ ਲਈ ਇਨਕਾਰ ਕੀਤਾ ਗਿਆ ਹੈ (ਪਰ ਇਸ ਦਾ ਅਰਥ ਬਿਲਕੁਲ ਉਹੀ ਨਹੀਂ ਲੈਣਾ ਚਾਹੀਦਾ)। ਇਸ ਸੰਯੋਜਨ ਦੀ ਵਰਤੋਂ ਕਰਦਿਆਂ, ਨਕਾਰਾਤਮਕ ਦਾ ਬਿਲਕੁਲ ਉਸ ਦੇ ਅਰਥ ਵਿਚ ਹੀ ਵਰਤੋਂ ਕਰਨ ਤੇ, ਇੱਕੋਂ ਨਤੀਜੇ ਤੇ ਆ ਸਕਦੇ ਹਾਂ। ਉਦਾਹਰਣ ਦੇਣ ਲਈ ਮੈਂ ਕਹਿ ਸਕਦਾ ਹੈ, ''ਮੈਂ *ਨਹੀਂ* ਜਾ ਰਿਹਾ, *ਕਿਉਂਕਿ* ਮੈਂ ਕਲਾਸ ਵਿਚ ਜਾ ਰਿਹਾ ਹਾਂ।'' ਭਲਾ ਤੁਸੀਂ ਇਸ ਤੋਂ ਇਹ ਨਿਚੋੜ ਕੱਢੋਗੇ ਕਿ ਮੈਂ ਘਰ ਕਦੇ ਨਹੀਂ ਜਾਵਾਂਗਾ? ਮੈਂ ਇਕ ਗੱਲ ਦਾ ਇਨਕਾਰ ਦੂਜੀ ਦੀ ਤਸਦੀਕ ਤੇ ਜ਼ੋਰ ਦੇਣ ਲਈ ਕਰ ਰਿਹਾ ਹਾਂ। ਮੇਰਾ ਘਰ ਨਾਲ ਜਾਣ ਦਾ ਮਤਲਬ ਬਿਲਕੁਲ ਇਹ ਨਹੀਂ ਹੈ ਕਿ ਮੈਂ ਕਦੇ ਨਹੀਂ ਜਾਵਾਂਗਾ। ਭਾਵੇਂ ਭਾਸ਼ਾ ਬਿਲਕੁਲ ਸਾਫ਼ ਹੈ। ਇਸ ਭਾਸ਼ਾ ਦਾ ਰੂਪ ਯੂਹੰਨਾ 6:27; 1 ਕੁਰਿੰਥੀਆਂ 1:17; 1 ਪਤਰਸ 3:3, 4; ਰੋਮੀਆਂ 12:2; ਮੱਤੀ 6:19, 20, ਦੇ ਨਾਲ ਨਾਲ 1 ਤਿਮੋਥਿਉਸ 2:9-13 ਆਇਤਾਂ ਵਿਚ ਮਿਲਦਾ ਹੈ। ਇਨ੍ਹਾਂ ਕੁਝ ਆਇਤਾਂ ਬਾਰੇ ਲੋਕਾਂ ਨੇ ਅਜਿਹੀ ਵਿਆਖਿਆ ਕੀਤੀ ਹੈ ਜਿਸ ਨਾਲ ਲੋਕ ਬੈਂਕ ਵਿਚ ਆਪਣਾ ਪੈਸਾ ਜਮਾਂ ਨਾ ਕਰਾਉਣ ਦੀ ਹੱਦ ਤਕ ਚਲੇ ਗਏ ਹਨ (ਜ਼ਮੀਨ ਤੇ ਧੰਨ ਜਮਾ ਕਰਨਾ), ਤਪ ਦੀਆਂ ਕੁਝ ਕਿਸਮਾਂ (ਇਸ ਸੰਸਾਰ ਵਰਗੇ ਨਾ ਬਣਨਾ), ਜਾਂ ਬਚਾਏ ਜਾਣ ਲਈ ਬਪਤਿਸਮੇ ਨੂੰ ਜ਼ਰੂਰੀ ਮੰਨਣ ਤੋਂ ਨਾਹ ਕਰਨੀ (ਕਿਉਂਕਿ ਪੌਲੁਸ ਨੂੰ ਬਪਤਿਸਮਾ ਦੇਣ ਲਈ ਨਹੀਂ ਭੇਜਿਆ ਗਿਆ ਸੀ)। ਇਹ ਗਲਤ ਢੰਗ 1 ਕੁਰਿੰਥੀਆਂ 14:34 ਨਾਲ ਜੁੜਿਆ ਹੈ ਜਿਸ ਤੇ ਇਸ ਸੰਦਰਭ ਦੀਆਂ 11 ਤੋਂ 15 ਆਇਤਾਂ ਨਾਲ ਵਿਚਾਰ

ਕੀਤਾ ਜਾਵੇਗਾ। ਇਸ ਲੇਖ ਵਿਚ (2:9, 10) ਵਿਚ ਪੌਲੁਸ ਔਰਤਾਂ ਨੂੰ ਮਹਿੰਗੇ ਗਹਣਿਆਂ ਦੀ ਥਾਂ ਸੁਭਾਅ ਨਾਲ, ਮੋਤੀਆਂ ਜਾਂ ਇਤਰ ਦੀ ਥਾਂ ਉੱਚਮਾਪਦੰਡਾਂ ਅਤੇ ਆਪਣੇ ਆਪ ਨੂੰ ਕਾਬੂ ਰੱਖਣ ਨਾਲ ਆਪਣੇ ਆਪ ਨੂੰ ਸਜਾਉਣ ਦੀ ਬੇਨਤੀ ਕਰ ਰਿਹਾ ਸੀ। ਹਰ ਚੀਜ਼ ਆਪਣੀ ਥਾਂ ਚੰਗੀ ਹੈ। ਖ਼ੁਦਾ ਦੀ ਵਡਿਆਈ ਲਈ ਅਜਿਹੀ ਜ਼ਿੰਦਗੀ ਗੁਜ਼ਾਰੋ ਜਿਹੜੀ ਸੰਤੁਲਿਤ ਹੋਵੇ।[24]ਭਲਾ ਰਵਾਇਤ ਨਾਲ ਇਹ ਤੈਅ ਕਰਨ ਵਿਚ ਮਦਦ ਮਿਲੇਗੀ ਕਿ ਸੁਹਾਉਣੀ ਪੋਸ਼ਾਕ ਕੀ ਹੈ? ਭਲਾ ਕੋਈ ਖ਼ਾਸ ਪੋਸ਼ਾਕ ਇਕ ਜ਼ਮਾਨੇ ਵਿਚ ਸੁਹਾਉਣੀ ਅਤੇ ਦੂਜੇ ਵਿਚ ਭਦੀ ਹੋ ਸਕਦੀ ਹੈ? ਭਲਾ ਕੋਈ ਪੋਸ਼ਾਕ ਇਕ ਦੇਸ਼ (ਜਾਂ ਦੇਸ਼ ਦੇ ਇਕ ਭਾਗ) ਵਿਚ ਸੁਹਾਉਣੀ ਜਾਂ ਦੂਜੇ ਵਿਚ ਭਦੀ ਹੋ ਸਕਦੀ ਹੈ? ਭਲਾ ਕੋਈ ਪੋਸ਼ਾਕ ਇਕ ਮੌਕੇ ਤੇ ਖ਼ੂਬਸੂਰਤ ਅਤੇ ਦੂਜੇ ਲਈ ਭਦੀ ਹੋ ਸਕਦੀ ਹੈ? *ਇੱਥੇ ਇਕ ਅਹਿਮ ਸਵਾਲ ਖੜਾ ਹੁੰਦਾ ਹੈ ਕਿ ਕੀ ਪੋਸ਼ਾਕ ਦੀ ਅਜਿਹੀ ਕੋਈ ਕਿਸਮ ਹੈ ਜਿਹੜੀ ਹਰ ਥਾਂ ਸੁਹਾਣੀ ਹੋਵੇ ਅਤੇ ਦੂਜੀਆਂ ਪੋਸ਼ਾਕਾ ਭੱਦੀਆਂ ਹੋਣ?* ਭਲਾ ਕਿਸੇ ਮਸੀਹੀ ਨੂੰ ਅਜਿਹੇ ਸ਼ਕ ਭਰੇ ਕੱਪੜੇ ਪਾਉਣੇ ਚਾਹੀਦੇ ਹਨ (1 ਥੱਸਲੁਨੀਕੀਆਂ 5:21, 22)? [25]ਭਗਤੀ (ਯੂ.: *theosebeia*)-''ਖ਼ੁਦਾ ਦਾ ਭੈਅ, ਸ਼ਰਧਾ, ਧਰਮ'' (ਅਰੰਡਟ ਐਂਡ ਗਿੰਗਰਿਕ, 358)।[26]ਸੰਕੋਚ (ਯੂ.: *aidos*)-''ਲਾਜ ਦੀ ਭਾਵਨਾ, ਸ਼ਰਧਾ ... ਅੱਕਸਰ ਕਿਹਾ ਜਾਂਦਾ ਹੈ ਕਿ *[ਵਿਹਾਰ]* ਸ਼ਰਮਨਾਕ ਕੰਮ ਦੇ ਅੱਗੇ ਆਣ ਕੇ ਉਸ ਨੂੰ ਰੋਕਦਾ ਹੈ ... *[ਵਿਹਾਰ]* ਭਲੇ ਆਦਮੀ ਨੂੰ ਨਾਜਾਇਜ਼ ਕੰਮ ਕਰਨ ਤੋਂ ਹਮੇਸ਼ਾ ਰੋਕੇਗਾ'' (ਥੇਅਰ, 14)।[27]ਸੰਕੋਚ (ਯੂ.: *sophrosune*)-''ਮਨ ਦੀ ਮਜ਼ਬੂਤੀ, ਸਮਝ, ਸਿਆਣਪ ... ਆਪਣੇ ਆਪ ਉੱਤੇ ਕਾਬੂ, ਗੰਭੀਰਤਾ'' (ਐਬਟ ਸਮਿਥ, 438)। [28]ਸਿੱਖਣਾ (ਯੂ.: *manthano*)-''ਗਿਆਨ ਵਧਾਉਣਾ ... ਮਸੀਹ ਦੇ ਗਿਆਨ ਨਾਲ ਤਰ ਹੋਣਾ ... ਸੁਣਨਾ, ਜਾਣਕਾਰੀ ਲੈਣਾ, ਵਰਤ ਵਿਹਾਰ ਤੋਂ ਸਿੱਖਣਾ'' (ਥੇਅਰ, 388-89)।[29]''ਖਾਮੋਸ਼ੀ'' (ਯੂ.: *hesuchia*)-ਦੀਆਂ ਹੇਠ ਲਿਖੀਆਂ ਭਰਿਭਾਸ਼ਾਵਾਂ ਧਿਆਨ ਨਾਲ ਵੇਖੋ-''ਚੁਪ ਚਾਪ: ਅਜਿਹੇ ਆਦਮੀ ਦੇ ਜੀਵਨ ਦੀ ਤਸਵੀਰ ਜਿਹੜਾ ਘਰ ਵਿਚ ਰਹਿ ਕੇ ਆਪਣਾ ਕੰਮ ਕਰਦਾ ਸੀ ਅਤੇ ਬਿਨਾਂ ਕਿਸੇ ਮਤਲਬ ਦੇ ਦੂਜਿਆਂ ਦੇ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ ... ਖਾਮੋਸ਼ੀ'' (ਥੇਅਰ, 281); ''... ਸ਼ਾਂਤ, ਖਾਮੋਸ਼, ਆਰਾਮ, ... ਸ਼ਾਂਤ ... ਖਾਮੋਸ਼ ਜ਼ਿੰਦਗੀ'' (ਰੋਬਿਨਸਨ, 327); ''ਕੁਝ ਨਾ ਕਹਿਣ, ਸ਼ਾਂਤ ਰਹਿਣ ਲਈ ਸ਼ਾਮਿਲ ਵਿਹਾਰ ਤੇ ਸੰਭਵ ਕੋਸ਼ਿਸ਼ ਨਾਲ ਖਾਮੋਸ਼ੀ ਦੀ ਹਾਲਤ ਬਨਾਉਣਾ।'' (ਜੋਹਨਸ ਪੀ. ਲੋਅਵ ਐਂਡ ਯੂਜੀਨ ਏ. ਨਾਈਡਾ, *ਗ੍ਰੀਕ ਇੰਗਲੀਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* [ਨਿਊ ਯਾਰਕ: ਯੂਨਾਈਟਿਡ ਬਾਈਬਲ ਸੋਸਾਇਟੀ, 1989 (33, 119)]), 2:402. [30]ਅਧੀਨਤਾ (ਯੂ.: *hupotasso*)-''ਅਧੀਨ ਪ੍ਰਬੰਧ ਕਰਨਾ, ਮਤਹਿਤ ਹੋਣਾ, ... ਆਪਣੇ ਆਪ ਨੂੰ ਅਧੀਨ ਕਰਨਾ, ਹੁਕਮ ਮੰਨਣਾ; ਕਿਸੇ ਦੇ ਕਾਬੂ ਵਿਚ ਹੋਣਾ; ਕਿਸੇ ਦੀ ਤਾੜਨਾ ਜਾਂ ਸਲਾਹ ਮੰਨਣਾ'' (ਥੇਅਰ, 645)।

[31]ਅਧਿਕਾਰ ਰੱਖਣਾ (ਯੂ.: *authenteo*)-''ਦੇ ਉੱਤੇ ਅਧਿਕਾਰ ਰੱਖਣਾ ... 1 ਤਿਮੋ. 2:12'' (ਰੋਬਿਨਸਨ, 106)। ਕਿਉਂਕਿ ਇਕ ਔਰਤ ਕੁਝ ਹਾਲਾਤ ਵਿਚ ਸਿਖਾ ਸਕਦੀ ਹੈ, ਭਲਾ ਉਹ ਆਦਮੀ ਤੇ ''ਅਧਿਕਾਰ'' ਰੱਖ ਸਕਦੀ ਹੈ ਜਾਂ ਉਸ ਮਾਮਲੇ ਵਿਚ ''ਨਹੀਂ'' ਦਾ ਅਰਥ ਬਿਲਕੁਲ ਉਵੇਂ ਹੀ ਲਿਆ ਜਾਣਾ ਚਾਹੀਦਾ ਹੈ? ਭਲਾ ਕੋਈ ਔਰਤ ਕਿਸੇ ਆਦਮੀ ਨੂੰ ਸੱਚਾਈ ਦੱਸ ਕੇ ਹਦਾਇਤ ਦੇ ਸਕਦੀ ਹੈ (ਵੇਖੋ ਰਸੂਲਾਂ ਦੇ ਕੰਮ 18:24-26)? ਭਲਾ ਕੋਈ ਔਰਤ ਕਿਸੇ ਬਾਈਬਲ ਕਲਾਸ ਵਿਚ ਕਿਸੇ ਸਵਾਲ ਦਾ ਜਵਾਬ ਦੇ ਕੇ ਕਿਸੇ ਆਦਮੀ ਦੇ ਮੰਨ ਦੀ ਸੱਚਾਈ ਨੂੰ ਚਲਾ ਸਕਦੀ ਹੈ? ਭਲਾ ਕੋਈ ਔਰਤ ਮਹਿਮਾਨਾ ਨੂੰ (ਜਿਸ ਵਿਚ ਆਦਮੀ ਵੀ ਸ਼ਾਮਿਲ ਹੋਣ) ਮੇਜ਼ ਤੇ ਜਾਣ ਲਈ ਹਦਾਇਤ ਦੇ ਸਕਦੀ ਹੈ ਕਿ ਉਹ ਆਪਣੀ ਆਪਣੀ ਥਾਂ ਬੈਠ ਜਾਣ? ਭਲਾ ਕੋਈ ਕਿਸੇ ਦੂਸਰੇ ਨੂੰ ਹਦਾਇਤ ਦੇ ਕੇ ਉਸ ਤੇ ਅਧੀਨ ਹੋ ਸਕਦਾ ਹੈ? ਲਿਖਤ ਕਿਸੇ ਔਰਤ ਨੂੰ ਇੰਜੀਲ ਦਾ ਪ੍ਰਚਾਰਕ ਹੋਣ ਤੋਂ ਰੋਕੇਗੀ (ਉਸ ਕੰਮ ਦੇ ਸੁਭਾਅ ਕਰਕੇ [ਤੀਤੁਸ 1:5; 2 ਤਿਮੋਥਿਉਸ 4:2-5; 1 ਤਿਮੋਥਿਉਸ 1:3-5]) ਅਤੇ ਉਸ ਨੂੰ ਐਲਡਰ (ਜਾਂ ਬਿਸ਼ਪ) ਬਣਨ ਤੋਂ ਰੋਕੇਗੀ (ਉਨ੍ਹਾਂ ਦੇ ਕੰਮ ਦੀਆਂ ਯੋਗਤਾਵਾਂ ਅਤੇ ਸੁਭਾਅ ਕਰਕੇ [1 ਤਿਮੋਥਿਉਸ 3:2; ਤੀਤੁਸ 1:5-9; 1 ਥੱਸਲੁਨੀਕੀਆਂ 5:12; ਇਬਰਾਨੀਆਂ 13:17])। ਪਰ ਅਸੀਂ ਇਸ ਗੱਲ ਤੋਂ ਚੌਕਸ ਰਹੀਏ ਕਿ ਔਰਤਾਂ ਨੂੰ ਉਸ ਭਲੇ ਕੰਮ ਦੇ ਕਰਨ ਤੋਂ ਮਨਾਂ ਨਾ ਕਰੀਏ ਜਿਹੜਾ ਪ੍ਰਭੂ ਚਾਹੁੰਦਾ ਹੈ ਕਿ ਉਹ ਕਰਨ। [32]ਬਾਲ ਜਣਨ (ਯੂ.: *dia tes teknogonias*)-ਸਬੰਧਕਾਰਕ, ਇਸਤਰੀ ਲਿੰਗ। [33]ਇਨ੍ਹਾਂ ਵਿਚਾਰਾਂ ਦੀ ਤਸਦੀਕ ਵਿਕਟਰ ਹੋਵੇਨ, *ਦ ਨਿਊ ਟੈਸਟਾਮੈਂਟ ਐਪਿਸਟਲਸ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1959), 90 ਤੇ ਚਾਰਲਸ ਜੇ. ਇਲੀਕੋਟ, *ਇਲੀਕੋਟ'ਸ ਕਾਮੈਂਟਰੀਸ ਆਨ ਦ ਐਪਿਸਟਲਸ ਆਫ਼ ਸੇਂਟ ਪਾਊਲ,* ਜ਼ਿਲਦ 2, ਫ਼ਿਲਿੱਪੀਅੰਸ, ਕੁਲੁੱਸੀਅੰਸ, 1 ਤਿਮੋਥੀ, 2 ਤਿਮੋਥੀ, ਟਾਈਟਸ (ਫ਼ੀਲਾਡੈੱਲਫ਼ਿਆ: ਵਾਰਨ ਐਫ਼. ਡਰੇਪਰ, 1868), 54. [34]ਪਵਿੱਤਰਤਾ (ਯੂ.: *agiasmos*)-''ਸਮਰਪਤ ਕਰਨਾ'' (ਥੇਅਰ, 6)।